**ੴ ਸਤਿਗੁਰਪ੍ਰਸਾਦਿ॥**

ਇਹ ਲੇਖ ਭਾਈ ਧਰਮ ਸਿੰਘ ਜੀ ਸੁਜੋਂ ਦੁਆਰਾ ਰਚਿਤ ਪੁਸਤਕ 'ਗੁਰਬਾਣੀ ਅਤੇ ਸਾਇੰਸ ਦੀ ਰੋਸ਼ਨੀ ਵਿਚ ਅਕਾਲ ਪੁਰਖ' ਵਿਚੋਂ ਲਿਆ ਗਿਆ ਹੈ।



ਸੂਬੇਦਾਰ ਧਰਮ ਸਿੰਘ ਜੀ ਦਾ ਜਨਮ ਸਤੰਬਰ ੮, ੧੯੧੮ ਵਿਚ ਪਿੰਡ ਸੁਜੋਂ, ਪੰਜਾਬ ਵਿਚ ਹੋਇਆ। ਆਪ ਜੀ ਨੇ ਜਿਥੇ ਗੁਰਸਿੱਖਾ ਦੀ ਸੰਗਤ ਮਾਣ ਕੇ ਗੁਰੂ ਘਰ ਦੀ ਸੇਵਾ ਕੀਤੀ ਉਥੇ ਹੀ ਮਿਲਟਰੀ ਵਿਚ ਭਰਤੀ ਹੋ ਦੇਸ਼ ਦੀ ਸੇਵਾ ਵੀ ਕੀਤੀ। ਆਪਣੀ ਪਲਟਨ ਵਿਚ ਅੰਗਰੇਜ਼ ਅਫਸਰਾਂ ਨਾਲ ਗੁਰਮਤਿ ਸਿਧਾਤਾਂ ਦੇ ਪਹਿਰਾ ਦਿੰਦਿਆ ਕਈ ਵਾਰ ਕਈ ਮੁੱਦਿਆ ਤੇ ਸਿੱਖ ਜਵਾਨਾ ਲਈ ਖਾਸ ਛੋਟ ਲਈ ਸਫਲਤਾ ਵੀ ਹਾਸਲ ਕੀਤੀ। ਗੁਰਮਤਿ ਸਿਧਾਂਤ ਦੇ ਇਸ ਖੋਜੀ ਪੁਰਸ਼ ਦਾ ਅਦਬ ਸਤਿਕਾਰ ਫੌਜ ਵਿੱਚ ਅਤੇ ਬਾਹਰ ਗੁਰਸਿੱਖਾ ਵਿਚ ਵੀ ਬਹੁਤ ਰਿਹਾ ਹੈ। ੧੯੮੦ ਅਤੇ ੯੦ਵਿਆਂ ਦੇ ਦਹਾਕੇ ਦੌਰਾਨ ਕੌਮ ਤੇ ਵਾਪਰੇ ਦੁਖਾਂਤਾਂ ਵੇਲੇ ਸਿੰਘਾ ਦੇ ਈਰਖਾਲੂ, ਇਨ੍ਹਾਂ ਦੇ ਹੀ ਕਿਸੇ ਪਿੰਡ ਵਾਸੀ ਨੇ ਭਾਈ ਸਾਹਿਬ ਵਾਰੇ ਜਾਣ ਬੁਝ ਕੇ ਪੁਲਿਸ ਪਾਸ ਕੰਨ ਭਰ ਦਿੱਤੇ। ਪੁਲਿਸ ਭਾਈ ਸਾਹਿਬ ਨੂੰ ਨਾਜ਼ਾਇਜ਼ ਹੀ ਚੁੱਕ ਕੇ ਲੈ ਗਈ ਪਰ ਗੁਰੂ ਸਾਹਿਬ ਦੀ ਮਿਹਰ ਸਦਕਾ ਇਲਾਕੇ ਦੇ ਇੱਕ ਰਾਜਨੀਤਿਕ ਸੱਜਣ ਜੋ ਕਿ ਭਾਈ ਸਾਹਿਬ ਦੀ ਸ਼ਖਸ਼ੀਅਤ ਤੋਂ ਚੰਗੀ ਤਰਾਂ ਜਾਣੂ ਸਨ ਨੇ ਪੁਲਿਸ ਨੂੰ ਦੁਰਕਾਰ ਪਾਈ ਤਾਂ ਭਾਈ ਸਾਹਿਬ ਬਾਹਰ ਆਏ ਨਹੀ ਤਾਂ ਗੁਰੂ ਜਾਣੇ ਕੀ ਭਾਣਾ ਵਰਤਦਾ ਅਤੇ ਸ਼ਾਇਦ ਅੱਜ ਭਾਈ ਸਾਹਿਬ ਦੀ ਇਹ ਵੱਡਮੁੱਲੀ ਪੁਸਤਕ ਸਿੱਖ ਸੰਗਤਾਂ ਤੱਕ ਨਾ ਪੁੱਜਦੀ। ਭਾਈ ਸਾਹਿਬ ਜੀ ਦੇ ਲੇਖ ਆਮ ਤੌਰ ਤੇ 'ਸੂਰਾ' ਅਤੇ 'ਸੰਤ ਸਿਪਾਹੀ' ਪੰਥਕ ਰਸਾਲਿਆਂ ਵਿਚ ਛਪਦੇ ਰਹੇ ਹਨ ਅਤੇ ਇੰਗਲੈਂਡ ਵਿਚ ਬੀ. ਬੀ. ਸੀ ਰੇਡਿਉ ਲੈਸਟਰ ਤੋਂ ਵੀ ਵਿਚਾਰ ਪੇਸ਼ ਕਰਦੇ ਰਹੇ ਹਨ।


ਭਾਈ ਸਾਹਿਬ ਜੀ ਦੇ ਆਰਟੀਕਲ ਬਹੁਤੇ ਦਿਲਚਸਪ ਇਸ ਕਰਕੇ ਵੀ ਹਨ ਕਿਉਂਕਿ ਜਦ ਉਹ ਸਾਇੰਸ ਦੇ ਦਰੀਆਫਤ ਸਿਧਾਂਤਾਂ ਦਾ ਸੁਮੇਲ ਗੁਰਬਾਣੀ ਰਾਹੀ ਕਰਵਾਉਦੇਂ ਹਨ ਤਾਂ ਪਾਠਕ ਜਨ ਖਾਸ ਕਰ

ਸਾਇੰਸ ਦੇ ਰਹਿ ਚੁੱਕੇ ਵਿਦਿਆਰਥੀਆਂ ਨੂੰ ਗੁਰਮਤਿ ਦੀਆ ਘੁੰਡੀਆ ਖੁਲਦੀਆਂ ਹੀ ਜਾਂਦੀਆਂ ਹਨ। ਆਮ ਤੌਰ ਦੇ ਦੇਖਣ ਵਿਚ ਆਉਦਾਂ ਹੈ ਸਾਇੰਸ ਅਤੇ ਪਦਾਰਥਵਾਦ ਦੇ ਪ੍ਰਭਾਵ ਹੇਠਾਂ ਆਏ ਹੋਏ ਬਹੁਤੇ ਸਿੱਖ ਲਿਖਾਰੀ ਗੁਰੂ ਸਾਹਿਬ ਦੀਆਂ ਬਖਸ਼ੀਆਂ ਹੋਈਆ ਦਾਤਾਂ ਵਿਚੋਂ ਨਾਮ ਦੀ ਦਾਤ ਅਤੇ ਹੋਰ ਰਹਿਤਾਂ ਵਾਰੇ ਸ਼ੰਕੇ ਅਤੇ ਉੱਟਕਣਾਂ ਕਰਦੇ ਹੀ ਰਹਿੰਦੇ ਹਨ ਇਸੇ ਕਰਕੇ ਆਮ ਤੌਰ ਤੇ ਸਿੱਖ ਸ਼ਰਧਾਲੂ ਦਾ ਮਨ ਉਨ੍ਹਾਂ ਤੋਂ ਜਲਦ ਹੀ ਛੁਟਕਣ ਲਗ ਪੈਂਦਾ ਹੈ ਪਰ ਭਾਈ ਸਾਹਿਬ ਦੇ ਲੇਖਾਂ ਦੀ ਇਹ ਵਿਲੱਖਣਤਾਂ ਹੈ ਕਿ ਜਿਵੇ ਉਨ੍ਹਾਂ ਸਾਇੰਸ ਨੂੰ ਗੁਰਮਤਿ ਦੀ ਦਾਸੀ ਦਰਸਾ ਪੇਸ਼ ਕਰ ਦਿੱਤਾਂ ਹੈ ਉਥੋਂ ਹੁਣ ਇਹ ਹੌਸਲਾ ਬੱਝ ਜਾਂਦਾ ਹੈ ਕਿ ਇਨ੍ਹਾਂ ਪਹਿਲੀ ਸ਼੍ਰੇਣੀ ਵਾਲੇ ਲਿਖਾਰੀਆ ਦੀਆਂ ਲਿਖਤਾਂ ਵਿਚੋਂ ਜਿਥੇ ਕਿ ਗੁਰਮਤਿ ਦਾ ਅਭਾਵ ਸਹਜੇ ਹੀ ਪੇਖਿਆ ਜਾ ਸਕਦਾ ਹੈ ਉਥੇ ਇਹ ਵੀ ਕਹਿਣਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਇਨ੍ਹਾਂ ਸਾਇੰਸੀ ਲਿਖਾਰੀਆਂ ਨੂੰ ਸਾਇੰਸ ਦੀ ਵੀ ਪੂਰੀ ਸੋਝੀ ਨਹੀਂ। ਬਸ ਲਿਖਣ ਵਾਸਤੇ ਹੀ ਲਿਖੀ ਜਾਂਦੇ ਹਨ। ਗੁਰਮਤਿ ਨਾਮ ਅਭਿਆਸ ਦੀ ਕਮੀ ਕਾਰਣ ਅਤੇ ਸੰਸਾਰੀ ਵਸਤੂਆ ਦੇ ਪ੍ਰਭਾਵ ਕਾਰਣ ਪੰਨੇ ਹੀ ਕਾਲੇ ਕਰ ਕਰ ਆਪਣੀਆ ਸੰਸਾਰੀ ਡਿਗਰੀਆਂ ਤੱਕ ਹੀ ਮਹਿਫੂਦ ਹਨ। ਆਪਣਾ ਤਾਂ ਮਾਇਕ ਲਾਭ ਉਹ ਜ਼ਰੂਰ ਪ੍ਰਾਪਤ ਕਰ ਲੈਂਦੇ ਹਨ ਪਰ ਨਵ-ਪਨੀਰੀ ਨੂੰ ਤੱਤ ਗੁਰਮਤਿ ਤੋਂ ਜ਼ਰੂਰ ਬਾਂਝੇ ਕਰੀ ਜਾਂਦੇ ਹਨ।

ਸੂਬੇਦਾਰ ਭਾਈ ਧਰਮ ਸਿੰਘ ਜੀ ਵਰਗਿਆਂ ਗੁਰਸਿੱਖਾ ਤੋਂ ਜਿਨ੍ਹਾਂ ਦੇ ਹੱਥਾਂ ਵਿਚੋਂ ਕਿਸੇ ਸਮੇਂ ਬੰਦੂਕ ਰਾਹੀਂ ਸੇਵਾ (ਮਿਲਟਰੀ ਵਿਚ) ਅਤੇ ਹੁਣ ਕਲਮ ਰਾਹੀਂ ਇਸ ਪੁਸਤਕ ਦੀ ਸੇਵਾ ਗੁਰੂ ਮਹਾਰਾਜ ਜੀ ਨੇ ਲਈ ਹੈ ਅਤੇ so called ਸਾਇੰਸੀ ਸਿੱਖ ਲਿਖਾਰੀ ਜਿਹੜੇ ਕਿ ਗੁਰਮਤਿ ਨਾਮ ਤੋਂ ਹੀ ਮੁਨਕਰ ਹਨ ਦੇ ਪ੍ਰਭਾਵ ਤੋਂ ਨਵ-ਪਨੀਰੀ ਨੂੰ ਬਚਾਉਣ ਲਈ ਇਹ ਪੁਸਤਕ ਕਾਫੀ ਹੱਦ ਤੱਕ ਯੋਗਦਾਨ ਪਾਏਗੀ। ਸਾਡੀ ਇਹੋ ਅਰਦਾਸ ਹੈ ਕਿ ਗੁਰੂ ਸਾਹਿਬ ਭਾਈ ਸਾਹਿਬ ਜੀ ਨੂੰ ਹੋਰ ਬਖਸ਼ਿਸ਼ਾ ਕਰਨ ਅਤੇ ਉਨ੍ਹਾਂ ਦੀ ਸਿੱਖੀ ਕੇਸਾਂ ਅਤੇ ਸੁਆਸਾ ਸੰਗ ਨਿਭ ਜਾਵੇ।

ਦਾਸਰੇ-

**Khalsaspirit.com**




Also available in English edition.

Published & Printed by:
Punjab Times,
24 Cotton brook Road, Derby DE238YJ (U.K)
Tel: 01332-372851 Fax: 01332-372833

# ਖ਼ਾਲਸਾ ਪੰਥ ਹੋਸ਼ਿਆਰ ਬਾਸ਼

ਇਥੇ ਬੀ. ਬੀ. ਸੀ ਰੇਡਿਉ ਲੈਸਟਰ ਤੋਂ, ਧਾਰਮਿਕ ਵਿਚਾਰ ਪੇਸ਼ ਕਰਨ ਦਾ ਮੌਕਾ ਅਕਸਰ ਮਿਲਦਾ ਰਿਹਾ ਹੈ, ਪਿਛੇ ਜਿਹੇ ਗੁਰਬਾਣੀ ਦੇ ਪਾਠਾਂ ਸੰਬੰਧੀ ਹੋ ਰਹੀਆਂ ਕੁਰੀਤੀਆਂ ਅਤੇ ਮਨਮਤਾਂ ਬਾਰੇ ਵਿਚਾਰ ਪੇਸ਼ ਕੀਤੇ ਗਏ ਸਨ। ਸਰੋਤਿਆਂ ਵਲੋਂ ਕੁਝ ਹੋਰ ਸਪੱਸ਼ਟੀਕਰਨ ਮੰਗੇ ਗਏ ਜਿਨ੍ਹਾਂ ਬਾਰੇ ਵਿਚਾਰ ਅਗਲੀ ਬਰਾਡਕਾਸਟ ਵਿਚ ਦਿੱਤੇ ਗਏ। ਹੁਣ ਉਨ੍ਹਾਂ ਸਪੱਸ਼ਟੀਕਰਨ ਦੇ ਉਤਰ ਨੂੰ ਮੂਲ ਲੇਖ ਵਿਚ ਢੁਕਵੀਂ ਥਾਂ ਤੇ ਦਰਜ ਕਰ ਕੇ, ਮੂਲ ਲੇਖ ਅਤੇ ਸਪੱਸ਼ਟੀਕਰਨ ਨੂੰ ਇਕ ਹੀ ਲੇਖ ਦੀ ਸ਼ਕਲ ਵਿਚ ਦੁਬਾਰਾ ਲਿਖਿਆ ਹੈ।

ਗੁਰਬਾਣੀ ਨੂੰ ਆਮ ਤੌਰ 'ਤੇ ਕਿਸੀ ਗੁਪਤ ਸ਼ਕਤੀ ਦੀ ਮਾਲਕ ਮਨ ਕੇ, ਇਸ ਦੀ ਵਰਤੋਂ ਅਸੀਂ ਅਕਸਰ, ਇਨ੍ਹਾਂ ਮੰਤਵਾਂ ਲਈ ਹੁੰਦੀ ਦੇਖਦੇ ਹਾਂ।

**੧. ਧਾਰਮਿਕ, ਸਮਾਜਿਕ ਜਾਂ ਰਾਜਨੀਤਕ ਖੇਤਰਾਂ ਵਿਚ ਸੇਧ ਲੈਣ ਲਈ।**

**੨. ਕਿਸੀ ਸੰਕਟ ਮਈ ਸਮੇਂ ਤੇ।**

**੩. ਨਾਮ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਲਈ।**

**੪. ਕਿਸੀ ਕਾਰਜ ਦੀ ਸਿੱਧੀ ਲਈ, ਆਦਿ।**

ਨਾਮ ਅਤੇ ਬਾਣੀ ਦੇ ਸ਼ਬਦਾਂ ਦੀ ਵਰਤੋਂ, ਅਕਸਰ ਜੁੜਤ ਸ਼ਬਦ ਦੇ ਰੂਪ ਵਿਚ ਹੁੰਦੀ ਹੈ। ਜਿਵੇਂ ਕਿ ਨਾਮ ਬਾਣੀ ਨਾਲ ਪਿਆਰ ਪਾਉ। ਨਾਮੀ ਬਾਣੀ ਦਾ ਓਟ ਆਸਰਾ ਲਉ। ਅੰਮ੍ਰਿਤ ਵੇਲੇ ਉਠ ਕੇ ਬਾਣੀ ਨਾਲ ਜੁੜੋ, ਆਦਿ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਨਾਮ ਅਤੇ ਬਾਣੀ ਦਾ, ਆਪੋ ਵਿਚ ਬਹੁਤ ਨਜ਼ਦੀਕ ਦਾ ਸੰਬੰਧ ਹੈ, ਜੇ ਨਾਮ ਅਤੇ ਬਾਣੀ ਦੇ ਇਸ ਸੰਬੰਧ ਨੂੰ ਪਹਿਲਾਂ ਸਮਝ ਲਿਆ ਜਾਵੇ, ਤਾਂ ਉਪਰ ਦਿੱਤੇ ਬਾਣੀ ਦੇ ਮੰਤਵਾਂ ਨੂੰ ਸਮਝਣਾ ਆਸਾਨ ਹੋ ਜਾਵੇਗਾ।

ਗੁਰਬਾਣੀ ਦੇ ਬਾਰੇ, ਸਮੁੱਚੇ ਪੰਥ ਅੰਦਰ ਇਹ ਸਰਵ ਪ੍ਰਮਾਣਤ ਤੱਥ ਹੈ ਕਿ ਗੁਰਬਾਣੀ, ਗੁਰੂ ਸਾਹਿਬਾਨ, ਕਿਸੀ ਦੇਵਤੇ ਜਾਂ ਇਨਸਾਨ ਦੀ ਰਚਨਾ ਨਹੀਂ ਹੈ। ਇਹ ਧੁਰ ਕੀ ਜਾਂ ਖਸਮ ਕੀ ਬਾਣੀ ਹੈ। ਇਹ ਨਿਰੰਕਾਰ ਤੋਂ, ਗੁਰੂ ਸਾਹਿਬਾਨ, ਭਗਤਾਂ ਜਾਂ ਭੱਟਾਂ ਨੂੰ ਅੱਵਤਰੀ, ਨਾਜ਼ਲ ਜਾਂ ਪ੍ਰਾਪਤ ਹੋਈ। ਅਗੋਂ ਇਨ੍ਹਾਂ ਗੁਰਮੁਖਾਂ ਨੇ, ਬੋਲੀ ਦੇ ਰੂਪ ਵਿਚ ਇਸ ਨੂੰ ਬਿਆਨ ਕੀਤਾ ਜਾਂ ਲਿਖਿਆ। ਚੂੰ ਕਿ ਇਸ ਤੱਥ ਨੂੰ ਹਰ ਕੋਈ ਠੀਕ ਮੰਨਦਾ ਹੈ, ਇਸ ਤੇ ਕਿਸੀ ਤਰ੍ਹਾਂ ਦਾ ਵਾਦ-ਵਿਵਾਦ ਜਾਂ ਇਖ਼ਤਲਾਫ਼ ਨਹੀਂ ਹੈ। ਇਸ ਲਈ ਇਸ ਤੇ ਹੋਰ ਵਿਚਾਰ ਦੀ ਲੋੜ ਨਹੀਂ ਹੈ।

'ਨਾਮ' ਦਾ ਵਿਸ਼ਾ ਇਤਨਾ ਵਿਸ਼ਾਲ ਹੈ ਕਿ ਇਸ ਵਿਸ਼ੇ 'ਤੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ ਪਰ ਇਥੇ ਸੰਖੇਪ ਤੌਰ 'ਤੇ ਹੀ ਅਰਜ਼ ਹੈ ਕਿ ਇਕ ਤਾਂ 'ਨਾਮ' ਓਸ ਗੁਰ-ਸ਼ਬਦ ਜਾਂ ਗੁਰ-ਮੰਤਰ ਨੂੰ ਆਖਦੇ ਹਾਂ ਜੋ ਅੰਮ੍ਰਿਤ ਪਾਨ ਕਰਨ ਸਮੇਂ, ਪੰਜਾਂ ਪਿਆਰਿਆਂ ਵਲੋਂ ਜਪ ਜਾਂ ਸਿਮਰਨ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਦੂਸਰਾ 'ਨਾਮ' ਨਿਰੰਕਾਰ ਦਾ ਅਪਣਾ ਆਕਾਰੀ ਰੂਪ ਹੈ। ਨਿਰੰਕਾਰ ਕੋਈ ਵਿਅਕਤੀ ਨਹੀਂ, ਸ਼ਕਤੀ ਹੈ। Energy ਹੈ। ਇਸ ਲਈ ਨਿਰੰਕਾਰ ਦਾ ਬਦਲਵਾਂ ਜਾਂ ਆਕਾਰੀ ਰੂਪ, ਨਾਮ ਵੀ ਸ਼ਕਤੀ ਹੈ। ਭਾਈ ਗੁਰਦਾਸ ਜੀ ਬਾਰ੍ਹਵੀ ਵਾਰ ਵਿਚ ਫੁਰਮਾਉਂਦੇ ਹਨ ਕਿ ਨਿਰੰਕਾਰ, ਆਕਾਰ ਧਾਰਨ ਕਰ 'ਜੋਤਿ' ਦੇ ਰੂਪ ਵਿਚ ਦਿਖਾਈ ਦਿੰਦਾ ਹੈ ਅਤੇ 'ਵਾਹਿਗੁਰੂ' ਸ਼ਬਦ ਦੇ ਰੂਪ ਵਿਚ ਸੁਣਾਈ ਦਿੰਦਾ ਹੈ।

ਨਿਰੰਕਾਰ ਦੇ ਬਲਵੇਂ ਰੂਪ ਨੂੰ ਜੋਤਿ ਆਖੋ, ਵਾਹਿਗੁਰੂ ਸ਼ਬਦ ਆਖੋ ਜਾਂ ਨਾਮ, ਅਗੋਂ ਇਸ ਤੋਂ ਸੰਸਾਰ ਦੀ ਉਤਪਤੀ ਹੁੰਦੀ ਹੈ, **"ਏਕ ਨੂਰ ਤੇ ਸਭ ਜਗ ਉਪਜਿਆ"** ਜਾਂ **"ਨਾਮ ਕੇ ਧਾਰੇ ਖੰਡ ਬ੍ਰਹਮੰਡ"**। ਚੂੰ ਕਿ ਸੰਸਾਰ ਦੀ ਰਚਨਾ ਜੋਤਿ ਜਾਂ ਨਾਮ ਤੋਂ ਹੁੰਦੀ ਹੈ, ਇਸ ਲਈ ਸੰਸਾਰ ਦੇ ਕਣ ਕਣ ਵਿਚੋਂ ਨਿਰੰਕਾਰ ਦੀ ਜੋਤਿ ਦਿਖਾਈ ਦਿੰਦੀ ਹੈ ਅਤੇ ਵਾਹਿਗੁਰੂ ਸ਼ਬਦ ਦੀ ਆਵਾਜ਼ ਸੁਣਾਈ ਦਿੰਦੀ ਹੈ। ਇਸ ਵਿਚਾਰ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ 'ਨਾਮ', ਨਿਰੰਕਾਰ ਦਾ ਆਪਣਾ ਹੀ ਬਦਲਵਾਂ ਰੂਪ ਹੈ। ਜਿਵੇਂ ਬਰਫ਼, ਧੁੰਦ ਅਤੇ ਬੱਦਲ ਪਾਣੀ ਦੇ ਹੀ ਬਦਲਵੇਂ ਰੂਪ ਹੁੰਦੇ ਹਨ। ਇਸ ਵਿਚਾਰ ਦੀ ਪੁਸ਼ਟੀ ਆਸਾ ਦੀ ਵਾਰ ਵਿਚ ਇਨ੍ਹਾਂ ਸ਼ਬਦਾਂ ਦੁਆਰਾ ਵੀ ਕੀਤੀ ਗਈ ਹੈ ਕਿ

**ਨਾਉ ਤੇਰਾ ਨਿੰਰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥** *(ਪੰਨਾ ੪੬੫)*

ਪਿਛੇ ਅਸੀਂ ਪੜ੍ਹ ਆਏ ਹਾਂ ਕਿ ਬਾਣੀ ਨਿਰੰਕਾਰ ਤੋਂ ਨਾਜ਼ਲ ਜਾਂ ਪ੍ਰਾਪਤ ਹੋਈ ਹੈ। 'ਨਾਮ' ਵੀ ਨਿਰੰਕਾਰ ਦਾ ਆਪਣਾ ਹੀ ਰੂਪ ਹੈ। ਇਸ ਲਈ ਬਾਣੀ ਅਤੇ ਨਾਮ ਦਾ ਮੁੱਢ ਜਾਂ ਸੋਮਾਂ ਇਕੋ ਹੀ ਨਿਰੰਕਾਰ ਹੋਇਆ। ਜਿਸ ਤਰ੍ਹਾਂ ਦੁਧ ਦਾ ਤੱਤ ਮੱਖਣ ਹੈ, ਉਸੀ ਤਰ੍ਹਾਂ ਹੀ ਬਾਣੀ ਦਾ ਤੱਤ 'ਨਾਮ' ਹੈ। ਹੁਣ ਇਸ ਹਕੀਕਤ ਨੂੰ ਮੁਖ ਰੱਖ ਕੇ ਹੀ ਗੁਰਬਾਣੀ ਅਤੇ ਇਸ ਦੇ ਪਾਠ ਸੰਬੰਧੀ ਸ਼ੰਕਿਆਂ ਤੇ ਵਿਚਾਰ ਕਰਦੇ ਹਾਂ।

ਜਦੋਂ ਅਸੀਂ ਗੁਰਬਾਣੀ ਤੋਂ ਕੋਈ ਸੇਧ ਲੈਣੀ ਹੁੰਦੀ ਹੈ ਤਾਂ ਜ਼ਰੂਰੀ ਹੈ ਕਿ ਅਸੀਂ ਗੁਰਬਾਣੀ ਦੇ ਅਸਲ ਆਸ਼ੇ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਕਿ ਗੁਰਬਾਣੀ ਸਾਨੂੰ ਕਿਆ ਸਿਖਿਆ ਦਿੰਦੀ ਹੈ। ਅਸੀਂ ਆਪ ਗੁਰਬਾਣੀ ਦੇ ਮਗਰ ਲਗੀਏ। ਪਰ ਅਸੀਂ ਕਰਦੇ ਕਿਆ ਹਾਂ ਕਿ ਅਸੀਂ ਆਪਣੀ ਸਮਝ ਨੂੰ ਗੁਰਬਾਣੀ ਤੋਂ ਉਚੀ ਸਮਝ ਕੇ ਗੁਰਬਾਣੀ ਦੇ ਅਰਥ, ਅਸੀਂ ਆਪਣੀ ਮਨ ਮਤਿ ਅਨੁਸਾਰ ਕਰ ਕੇ ਆਪਣੇ ਕੀਤੇ ਅਰਥਾਂ ਨੂੰ ਦਰੁਸਤ ਸਾਬਤ ਕਰਨੇ ਲਈ ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹੈ। ਆਪ ਜੀ ਨੂੰ ਸ਼ਾਇਦ ਯਾਦ ਹੋਵੇਗਾ ਕਿ ਪਿਛੇ ਜਿਹੇ ਦੋ ਸਿੱਖ ਵਿਦਵਾਨਾਂ ਨੂੰ ਇਹੀ ਵਹਿਮ ਹੋ ਗਿਆ ਸੀ ਕਿ ਵਿਦਿਆ ਦੇ ਜ਼ੋਰ ਕਾਰਣ, ਉਨ੍ਹਾਂ ਦੀ ਮਤਿ ਗੁਰਬਾਣੀ ਤੋਂ ਉੱਚੀ ਹੋ ਗਈ ਹੈ। ਉਨ੍ਹਾਂ ਨੇ ਗੁਰਬਾਣੀ ਤੇ ਹੀ ਟੀਕਾ ਟਿਪਣੀ ਕਰਨੀ ਸ਼ੁਰੂ ਕਰ ਦਿੱਤੀ ਸੀ। ਜਥੇਦਾਰ ਸਾਹਿਬ ਅਕਾਲ ਤਖ਼ਤ ਨੂੰ ਉਨ੍ਹਾਂ ਸੱਜਣਾ ਨੂੰ ਅਕਾਲ ਤਖ਼ਤ ਤੇ ਬੁਲਾ ਕੇ ਤਾੜਨਾ ਕਰਨੀ ਪਈ ਸੀ। ਚਾਹੀਦਾ ਇਹ ਹੈ ਕਿ ਗੁਰਬਾਣੀ ਦੇ ਅਰਥ ਕਰਨ ਵੇਲੇ ਪਹਿਲਾਂ ਆਪਣੇ ਮਨ ਦੀ ਸਲੇਟ ਨੂੰ ਪਹਿਲੇ ਉਕਰੇ ਵਿਚਾਰਾਂ ਤੋਂ ਚੰਗੀ ਤਰ੍ਹਾਂ ਪੋਚਾ ਫੇਰ ਕੇ ਸਾਫ਼ ਕਰ ਲਈਏ। ਫੇਰ ਸੰਜੀਦਗੀ ਨਾਲ ਲਗਾਂ ਮਾਤ੍ਰਾਂ ਦਾ ਧਿਆਨ ਰੱਖ ਕੇ ਸਮਝਣ ਦੀ ਕੋਸ਼ਿਸ਼ ਕਰੀਏ ਕਿ ਗੁਰਬਾਣੀ ਸਾਨੂੰ ਕਿਆ ਸੇਧ ਦਿੰਦੀ ਹੈ?

ਸਾਡੀ ਬਦਕਿਸਮਤੀ ਇਹ ਹੈ ਕਿ ਅਸੀਂ ਗੁਰਬਾਣੀ ਦੀ ਗਰਾਮਰ ਨੂੰ ਸਮਝੇ ਬਗੈਰ ਅਰਥ ਕਰਨ ਬੈਠ ਜਾਂਦੇ ਹਾਂ। ਇਕ ਇਕ ਤੁਕ ਦੇ ਅਥਵਾ ਅਥਵਾ ਕਰ ਕੇ ਕਈ ਕਈ ਅਰਥ ਕੱਢ ਮਾਰਦੇ ਹਾਂ। ਹੁਣ ਆਪੇ ਹੀ ਦੱਸੋ ਕਿ ਪਾਠਕ ਕਿਹੜੇ ਅਰਥਾਂ ਮਗਰ ਲੱਗੇ? ਮਿਸਾਲ ਦੇ ਤੌਰ ਤੇ ਤੁਸੀਂ ਅੰਮ੍ਰਿਤਸਰ ਦੀ ਭਾਈ ਮਨੀ ਸਿੰਘ ਜੀ ਦੀ ਟਕਸਾਲ ਦੇ ਸੰਤ ਕ੍ਰਿਪਾਲ ਸਿੰਘ ਜੀ ਵਲੋਂ ਜਪੁ ਜੀ ਸਾਹਿਬ ਦੇ ਕੀਤੇ ਅਰਥਾਂ ਨੂੰ ਲੈ ਲਵੋ, ਜਿਸ ਦਾ ਨਾਮ ਉਨ੍ਹਾਂ 'ਅਮੀਰ ਭੰਡਾਰ' ਰਖਿਆ ਹੈ। ਇਸ ਪੁਸਤਕ ਵਿਚ ਆਪਣੇ ਕੀਤੇ ਅਰਥਾਂ ਨੂੰ ਦਰੁਸਤ ਸਾਬਤ ਕਰਨੇ ਲਈ ਕਲਗੀਧਰ ਜੀ ਦੀ ਮਨਜ਼ੂਰੀ ਛਾਪ ਇਹ ਆਖ ਕੇ ਲਾਈ ਹੈ ਕਿ 'ਇਹ ਟੀਕਾ ਸ੍ਰੀ ਦਸਮ ਪਾਤਸ਼ਾਹ ਜੀ ਦੇ ਉਚਾਰਨ ਕੀਤੇ ਅਰਥਾਂ ਦਾ ਮਾਨੋਂ ਟੇਪ ਰਿਕਾਰਡ ਹੈ"। ਇਸ

ਦਾ ਅਰਥ ਇਹ ਹੋਇਆ ਕਿ ਉਨ੍ਹਾਂ ਵਲੋਂ ਕੀਤਾ ਇਹ ਟੀਕਾ ਕਲਗੀਧਰ ਜੀ ਵਲੋਂ ਕੀਤੇ ਅਰਥਾਂ ਦੇ ਅਨੁਕੂਲ ਹੀ ਹੈ। ਆਪ ਜੀ ਨੇ ਇਕ ਇਕ ਤੁਕ ਦੇ ਅਥਵਾ ਅਥਵਾ ਕਰ ਕੇ ਕਈ ਕਈ ਅਰਥ ਕੀਤੇ ਹਨ। ਜਦੋਂ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਕਥਨ ਅਨੁਸਾਰ ਲਗਾਂ ਮਾਤਰਾਂ ਦਾ ਧਿਆਨ ਰੱਖ ਕੇ ਕੀਤੇ ਅਰਥ ਕਦੇ ਵੀ ਇਕ ਤੋਂ ਵੱਧ ਹੋ ਹੀ ਨਹੀਂ ਸਕਦੇ। ਦੂਸਰੀ ਗਲ, ਗੁਰਬਾਣੀ ਨੂੰ ਵੇਦਾਂ ਸ਼ਾਸਤਰਾਂ ਅਤੇ ਦੇਵੀ ਦੇਵਤਿਆਂ ਦੀ ਪਿਛ ਲੱਗ ਸਾਬਤ ਕਰਨ ਤੇ ਪੂਰਾ ਜ਼ੋਰ ਲਾਇਆ ਹੈ। ਦਾਸ ਦਾ ਇਰਾਦਾ ਇਸ ਪੁਸਤਕ ਤੇ ਟੀਕਾ ਟਿਪਣੀ ਕਰਨਾ ਨਹੀਂ ਹੈ। ਆਪ ਜੀ ਖੁਦ ਇਸ ਨੂੰ ਪੜ੍ਹ ਕੇ ਦੇਖੋ ਤੇ ਫੈਸਲਾ ਕਰੋ ਕਿ ਪਾਠਕ ਜਾਵੇ ਤਾਂ ਕਿਧਰ ਨੂੰ ਜਾਵੇ?

ਗਿਆਨੀ ਹਰਬੰਸ ਸਿੰਘ ਜੀ ਚੰਡੀਗੜ੍ਹ ਵਾਲਿਆਂ ਨੇ ਵੀ ਜਪੁ ਜੀ ਸਾਹਿਬ ਦਾ ਟੀਕਾ ਕੀਤਾ ਹੈ ਜਿਸ ਵਿਚ ਆਪ ਜੀ ਨੇ, "**ਤਿਥੈ ਸੀਤੋ ਸੀਤਾ ਮਹਿਮਾ ਮਾਹਿ॥**" ਦੇ ਅਰਥ ਪੰਥ ਦੇ ਪ੍ਰਸਿੱਧ ਸੱਤ ਵਿਦਵਾਨਾਂ ਵਲੋਂ ਕੀਤੇ ਗਏ ਪੇਸ਼ ਕੀਤੇ ਹਨ ਜਿਨ੍ਹਾਂ ਵਿਚ ਸਭ ਵਿਦਵਾਨਾਂ ਦੇ ਕੀਤੇ ਅਰਥ ਵੱਖੋ ਵੱਖਰੇ ਹਨ। ਇਨ੍ਹਾਂ ਵਿਦਵਾਨਾਂ ਦੇ ਨਾਮ ਇਹ ਹਨ: ੧. ਮਨੀ ਸਿੰਘ ਗਿਆਨੀ ੨. ਭਾਈ ਸੰਤੋਖ ਸਿੰਘ ਜੀ ੩. ਭਾਈ ਕਾਹਨ ਸਿੰਘ ਜੀ ਨਾਭਾ ੪. ਭਾਈ ਵੀਰ ਸਿੰਘ ਜੀ ੫. ਪ੍ਰੋ: ਸਾਹਿਬ ਸਿੰਘ ਜੀ ੬. ਪ੍ਰਿੰ: ਤੇਜਾ ਸਿੰਘ ਜੀ ਅਤੇ ੭. ਪੰ: ਤਾਰਾ ਸਿੰਘ ਜੀ ਨਿਰੋਤਮ। ਇਹ ਸਾਰੇ ਹੀ ਸੱਜਣ ਸਿੱਖ ਪੰਥ ਦੇ ਗੌਰਵਮਈ ਅਤੇ ਉਚ ਕੋਟੀ ਦੇ ਵਿਦਵਾਨ ਹਨ। ਦਾਸ ਦੀ ਤੁਛ ਜਿਹੀ ਬੁੱਧੀ ਇਨ੍ਹਾਂ ਮਹਾਨ ਹਸਤੀਆਂ ਦੇ ਕੀਤੇ ਅਰਥਾਂ ਨੂੰ ਗਲਤ ਆਖ ਨਹੀਂ ਸਕਦੀ। ਅਰਥ ਵੱਖੋ ਵੱਖਰੇ ਹੋਣ ਕਰਕੇ ਸਾਰੇ ਅਰਥ ਦਰੁਸਤ ਵੀ ਨਹੀਂ ਹੋ ਸਕਦੇ। ਅਸੀਂ ਕਿਸ ਦੇ ਕੀਤੇ ਅਰਥਾਂ ਨੂੰ ਪਰਮਾਣੀਕ ਮੰਨੀਏ?

ਕਿਸੀ ਸੱਜਣ ਨੇ ਸਵਾਲ ਕੀਤਾ ਸੀ ਕਿ ਜੇ ਸੱਤ ਵਿਦਵਾਨਾਂ ਵਲੋਂ ਕੀਤੇ ਅਰਥ ਦਰੁਸਤ ਨਹੀਂ ਤਾਂ ਦਰੁਸਤ ਅਰਥ ਕਰਨੇ ਦਾ ਕੀ ਉਪਰਾਲਾ ਹੋਵੇ? ਇਸ ਦੇ ਉਤਰ ਵਿਚ ਅਰਜ਼ ਹੈ ਕਿ ਜਿਵੇਂ ਪਹਿਲੇ ਹੀ ਉਪਰ ਬਿਆਨ ਕੀਤਾ ਹੈ ਕਿ ਦਰੁਸਤ ਅਰਥ ਕਰਨੇ ਲਈ ਗੁਰਬਾਣੀ ਦੀਆਂ ਲਗਾਂ ਮਾਤਰਾਂ ਦੇ ਅਰਥ ਭੇਦ ਨੂੰ ਜਾਨਣਾ ਜ਼ਰੂਰੀ ਹੈ । ਵੰਨਗੀ ਮਾਤਰ ਲਗਾਂ ਮਾਤਰਾਂ ਦੇ ਅਰਥ ਭੇਦ ਦੀਆਂ ਕੁਝ ਕੁ ਤੂਕਾਂ ਪੇਸ਼ੇ ਖਿਦਮਤ ਹਨ:

**ਨਿਰਮਲ ਹੋਏ ਕਰਿ ਇਸਨਾਨਾ॥** *(ਪੰਨਾ ੬੨੫)*

ਇਹ ਤੁਕ "**ਰਾਮਦਾਸ ਸਰੋਵਰਿ ਨਾਤੇ॥**" ਵਾਲੇ ਸ਼ਬਦ ਵਿਚੋਂ ਹੈ ਜਿਸ ਤੋਂ ਮੁਰਾਦ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਤੋਂ ਹੈ। ਕੁਝ ਸੱਜਣ ਇਸ ਦਾ ਇਹ ਅਰਥ ਕਰਦੇ ਹਨ ਕਿ ਪਹਿਲਾਂ ਬਾਹਰ ਟੂਟੀਆ ਜਾਂ ਖੂਹ ਦੇ ਜਲ ਨਾਲ ਇਸ਼ਨਾਨ ਕਰ ਕੇ ਨਿਰਮਲ ਹੋ ਕੇ ਫੇਰ ਸਰੋਵਰ ਵਿਚ ਇਸ਼ਨਾਨ ਕਰੋ। ਦੂਸਰੇ ਆਖਦੇ ਹਨ ਕਿ (ਸਰੋਵਰ ਵਿਚ) ਇਸ਼ਨਾਨ ਕਰਕੇ ਨਿਰਮਲ ਹੋਈਦਾ ਹੈ। ਇਸ ਤੁਕ ਦੇ ਅਰਥ ਦਾ ਸਾਰਾ ਭੇਦ ਸ਼ਬਦ 'ਕਰਿ' ਦੇ ਰਾਰੇ ਨੂੰ ਲੱਗੀ 'ਸਿਹਾਰੀ' ਅਤੇ 'ਹੋਏ' ਦੀ ਈੜੀ ਨੂੰ ਲੱਗੀ 'ਲਾਂਵ' ਵਿਚ ਹੈ। ਲਗਾਂ-ਮਾਤਰਾਂ ਦੇ ਨਿਯਮਾਂ ਅਨੁਸਾਰ 'ਹੋਏ' ਦੀ ਈੜੀ ਨੂੰ ਲੱਗੀ 'ਲਾਂਵ' ਦੇ ਅਰਥ ਬਣਦੇ ਹਨ, 'ਨਿਰਮਲ ਹੋ ਗਏ'। ਜੇ ਹੋਇ ਦੀ ਈੜੀ ਨੂੰ ਸਿਹਾਰੀ ਲੱਗੀ ਹੁੰਦੀ ਤਾਂ ਅਰਥ ਬਣਦੇ, 'ਨਿਰਮਲ ਹੋ ਕੇ', 'ਕਰਿ' ਦੇ ਰਾਰੇ ਦੀ ਸਿਹਾਰੀ ਨਾਲ ਅਰਥ ਬਣਦੇ ਹਨ 'ਕਰ ਕੇ' ਜੇ 'ਕਰ' ਦਾ ਰਾਰਾ ਮੁਕਤਾ ਹੁੰਦਾ ਤਾਂ ਅਰਥ ਹੁਕਮ ਵਾਚਕ ਹੁੰਦਾ, ਭਾਵ 'ਕਰੋ'। ਦਰੁਸਤ ਅਰਥ ਇਹ ਹੋਇਆ ਕਿ ਇਸ਼ਨਾਨ ਕਰ ਕੇ ਨਿਰਮਲ ਹੋ ਗਏ ਭਾਵ 'ਸਰੋਵਰ' ਵਿਚ ਇਸ਼ਨਾਨ ਕਰ ਕੇ ਨਿਰਮਲ ਹੋ ਗਏ।

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥** *( ਪੰਨਾ ੮੪੬)*

ਕਈ ਵਿਦਵਾਨ 'ਸੂਰਜ ਕਿਰਣਿ ਮਿਲੇ' ਦਾ ਅਰਥ ਕਰਦੇ ਹਨ 'ਕਿਰਣ ਸੂਰਜ ਨੂੰ ਮਿਲੀ' ਪਰ ਲਗਾਂ-ਮਾਤਰਾਂ ਦੇ ਨਿਯਮ ਅਨੁਸਾਰ ਇਹ ਅਰਥ ਠੀਕ ਨਹੀਂ ਹਨ। ਕਿਰਣਿ ਦੇ ਣਾਣੇ ਨੂੰ ਲਗੀ ਸਿਹਾਰੀ ਨਾਲ ਅਰਥ ਬਣਦੇ ਹਨ 'ਕਿਰਣ ਨੂੰ' ਸੂਰਜ ਮਿਲਿਆ। ਜੇ ਸੂਰਜ ਨੂੰ ਕਿਰਣ ਮਿਲਦੀ ਤਾਂ ਇਕ ਤਾਂ ਕਿਰਣ ਦੇ ਣਾਣੇ ਦੀ ਸਿਹਾਰੀ ਲੱਥ ਜਾਂਦੀ ਦੂਸਰੇ ਸੂਰਜ ਦੇ ਜੱਜੇ ਨੂੰ ਸਿਹਾਰੀ ਲਗੀ ਹੁੰਦੀ। ਅਰਥ ਬਣਦੇ 'ਸੂਰਜ ਨੂੰ'। ਤਾਂ ਸ਼ਾਇਦ ਕਹਿ ਸਕਦੇ ਕਿ ਕਿਰਣ ਸੂਰਜ ਨੂੰ ਮਿਲੀ। ਪਰ ਇਥੇ ਗਰਾਮਰ ਦਾ ਇਕ ਹੋਰ ਨੁਕਤਾ ਵੀ ਹੈ, ਜਿਸਦਾ ਵੀ ਖਿਆਲ ਰਖਣਾ ਪਵੇਗਾ। ਉਹ ਇਹ ਕਿ ਸੂਰਜ ਪੁਲਿੰਗ ਅਤੇ ਕਿਰਣ ਇਸਤਰੀ ਲਿੰਗ ਹੇ। ਇਸ ਤੁਕ ਅੰਦਰ ਆਇਆ Verb 'ਮਿਲੇ' ਹੈ ਜੋ ਪੁਲਿੰਗ ਹੈ। ਜੇ ਕਿਰਣ ਸੂਰਜ ਨੂੰ ਮਿਲਦੀ ਤਾਂ verb ਵੀ ਇਸਤਰੀ ਲਿੰਗ 'ਮਿਲੀ' ਹੁੰਦਾ ਤੇ ਤੁਕ ਬਣਦੀ 'ਕਿਰਣ ਸੂਰਜਿ ਮਿਲੀ' ਪਰ ਤੁਕ ਹੈ 'ਸੂਰਜ ਕਿਰਣਿ ਮਿਲੇ'। ਅਰਥ ਹੋਇਆ ਸੂਰਜ ਕਿਰਣ ਨੂੰ ਮਿਲਿਆ। ਸੂਰਜ ਤੇ ਕਿਰਣ ਦੀ ਤੁਲਨਾ ਦੇ ਕੇ ਗੁਰਮਤਿ ਦਾ ਇਹ ਸਿਧਾਂਤ ਨਿਰੂਪਨ ਕੀਤਾ ਗਿਆ ਹੈ ਕਿ ਪ੍ਰਮਾਤਮਾ ਰੂਪੀ ਸੂਰਜ ਖੁਦ ਆ ਕੇ (ਘਟ ਵਿਚ ਵੁਠ ਕੇ) ਆਤਮਾ ਰੂਪੀ ਕਿਰਣ ਨੂੰ ਮਿਲ ਗਏ। ਦੇਖਣ ਨੂੰ ਇਹ ਗੱਲ ਅਣਹੋਣੀ ਜਿਹੀ ਲਗਦੀ ਹੈ ਪਰ ਹੈ ਇਹ ਹਕੀਕਤ। ਪ੍ਰਮਾਤਮਾ ਜਦੋਂ ਵੀ ਜੀਵ-ਆਤਮਾ ਨੂੰ ਮਿਲਦਾ ਹੈ ਤਾਂ ਦਸਮ-ਦੁਆਰ ਖੁੱਲ੍ਹਣ 'ਤੇ

**ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ॥** *(ਪੰਨਾ ੩੭੫)*

ਅਨੁਸਾਰ ਇਸੀ ਘਟ ਅੰਦਰ ਹੀ ਮਿਲਦਾ ਹੈ। ਜੀਵ-ਆਤਮਾ ਇਸ ਘਟ ਤੋਂ ਬਾਹਰ ਜਾ ਕੇ ਕਿਸੀ ਹੋਰ ਥਾਂ ਪਰਮ-ਆਤਮਾ ਨੂੰ ਤਲਾਸ਼ ਕਰ ਕੇ ਨਹੀਂ ਮਿਲਦੀ।

**ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰਿ ਹੀ ਮਾਹਿ ਦਖਾਇਆ ਥਾ॥**
*(ਪੰਨਾ ੧੦੦੨)* ਅਤੇ
**ਬਾਹਰਿ ਟੋਲੈ ਸੋ ਭਰਮਿ ਭੁਲਾਹੀ॥** *(ਪੰਨਾ ੧੦੨)*

ਦੇ ਫੁਰਮਾਨ ਵੀ ਇਸੀ ਹਕੀਕਤ ਦੀ ਪੁਸ਼ਟੀ ਕਰਦੇ ਹਨ। ਸੋ ਗੁਰਬਾਣੀ ਦੇ ਦਰੁਸਤ ਅਰਥ ਕਰਨੇ ਲਈ ਲਗਾਂ ਮਾਤਰਾਂ ਦੀ ਨਿਯਮਾਵਲੀ ਤੋਂ ਜਾਣੂੰ ਹੋਣਾ ਅਤੀ ਜ਼ਰੂਰੀ ਹੈ। ਇਸ ਨਿਯਮਾਵਲੀ ਨੂੰ ਮੁਖ ਰਖ ਕੇ ਕੀਤੇ ਅਰਥ ਕਦੇ ਵੀ ਕਿਸੀ ਵੀ ਤੁਕ ਦੇ ਇਕ ਤੋਂ ਵੱਧ ਹੋ ਹੀ ਨਹੀਂ ਸਕਦੇ।

ਨੋਟ:- ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ-ਅਰਥ ਚਾਰ ਜਿਲਦਾ ਵਿਚ ਕੀਤੇ ਹਨ। ਪਹਿਲੀ ਜਿਲਦ ਦੇ ਆਰੰਭ ਵਿਚ ਹੀ ਲਗਾਂ ਮਾਤਰਾ ਦੇ ਨਿਯਮ ਦਰਜ ਹਨ। ਪ੍ਰੋ: ਸਾਹਿਬ ਸਿੰਘ ਜੀ ਨੇ ਵੀ ਇਕ ਛੋਟੀ ਪੁਸਤਕ ਵਿਚ ਇਹ ਨਿਯਮ ਅੰਕਤ ਕੀਤੇ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਸੀ ਵਿਸ਼ੇ 'ਤੇ ਪੁਸਤਕ ''ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ'' ਨਾਮੇ ੪੯੩ ਸਫ਼ੇ ਦੀ ਪੁਸਤਕ ਲਿਖੀ ਹੈ।

ਇਸ ਪੁਸਤਕ ਵਿਚ ਮੁਸ਼ਕਿਲ ਜਾਂ ਵਿਵਾਦ-ਗ੍ਰਸਤ ਤੁਕਾਂ ਤੇ ਕਾਫ਼ੀ ਖੁੱਲ ਕੇ ਵਿਚਾਰ ਕੀਤੀ ਗਈ ਹੈ। ਚਾਹਵਾਨ ਸੱਜਣ ਇਨ੍ਹਾਂ ਪੁਸਤਕਾਂ ਦੇ ਅਧਿਐਨ ਤੋਂ ਲਾਭ ਉਠਾ ਸਕਦੇ ਹਨ।

ਤਾਰੀਖਦਾਨਾਂ ਅਨੁਸਾਰ ਕਲਗੀਧਰ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ, ਜੋ ਸਿੰਘ ਉਸ ਵਕਤ ਉਨ੍ਹਾਂ ਦੇ ਪਾਸ ਮੌਜੂਦ ਸਨ ਉਨ੍ਹਾਂ ਪੁੱਛਿਆ ਕਿ ਮਹਾਰਾਜ ਆਪ ਜੀ ਦੇ ਪਿਛੋਂ, ਪੰਥ ਦੀ ਅਗਵਾਈ ਕੌਣ ਕਰੇਗਾ? ਆਪ ਜੀ ਨੇ ਫੁਰਮਾਇਆ ਕਿ ਮੇਰੀ ਜੋਤਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਤੇ ਦੇਹ ਪੰਥ ਵਿਚ ਹੋਵੇਗੀ। ਇਸ ਲਈ ਤੁਸੀਂ ਗ੍ਰੰਥ ਅਤੇ ਪੰਥ ਦੀ ਅਗਵਾਈ ਵਿਚ ਚਲਣਾਂ। ਉਸ ਸਮੇਂ ਤੋਂ ਪੰਥ ਅੰਦਰ ਮਰਿਯਾਦਾ ਚਲੀ ਆਉਦੀਂ ਹੈ ਕਿ ਜੋ ਸੇਧ ਸਾਨੂੰ ਗੁਰਬਾਣੀ ਤੋਂ ਮਿਲ ਸਕਦੀ ਹੈ ਉਹ ਸੇਧ ਅਸੀ ਗੁਰਬਾਣੀ ਤੋਂ ਲੈਂਦੇ ਹਾਂ। ਜੇ ਕੋਈ ਸੇਧ ਸਾਨੂੰ ਗੁਰਬਾਣੀ ਵਿਚੋਂ ਨਾ ਮਿਲਦੀ ਹੋਵੇ ਉਹ ਪੰਥ ਦੇ ਇਕੱਠ ਵਿਚ ਰਖ ਕੇ, ਪੰਥ ਦਾ ਫੈਸਲਾ ਲੈ ਕੇ ਉਸ ਤੇ ਅਮਲ ਕਰਦੇ ਹਾਂ। ਦੀਵਾਲੀ ਅਤੇ ਵਿਸਾਖੀ ਤੇ ਸਾਲ ਵਿਚ ਦੋ ਬਾਰ ਸੰਗਤਾਂ ਅਕਾਲ ਤਖ਼ਤ ਤੇ ਇਕੱਤਰ ਹੋ ਕੇ ਪੰਥਕ ਫੈਸਲੇ ਲੈਦੀਂਆਂ ਹਨ। ਇਹ ਇਕੱਠ ਪਿਛੋਂ ਸਰਬੱਤ ਖਾਲਸੇ ਦੇ ਨਾਮ ਨਾਲ ਮਸ਼ਹੂਰ ਹੋਏ। ਇਕ ਲੰਮੇ ਸੰਘਰਸ਼ ਪਿਛੋਂ ਸੰਨ ੧੯੨੫ ਵਿਚ ਸਾਰੇ ਪੰਥ ਦੀਆਂ ਵੋਟਾਂ ਨਾਲ ਚੁਣੀ ਗਈ ਸ਼੍ਰੋਮਣੀ ਕਮੇਟੀ ਵਜੂਦ ਵਿਚ ਆਈ ਜਿਸ ਨੇ ਸੰਨ ੧੯੩੨ ਵਿਚ ਪੰਥ ਦੀਆਂ ਸਾਰੀਆਂ ਹੀ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਤੇ ਅਧਾਰਿਤ ਇਕ ਕਮੇਟੀ ਬਣਾਈ ਜਿਸ ਨੇ ਸਿੱਖ ਦੀ ਜ਼ਾਤੀ ਅਤੇ ਜਮਾਤੀ ਸੇਧ ਲਈ ਰਹੁ ਰੀਤ ਦੀ ਮਰਿਯਾਦਾ ਤਿਆਰ ਕੀਤੀ। ਚਾਰ ਸਾਲ ਦੀ ਮਿਹਨਤ ਪਿਛੋਂ ਮਰਿਯਾਦਾ ਦਾ ਜੋ ਖਰੜਾ ਤਿਆਰ ਹੋਇਆ, ਉਹ ਸੰਗਤਾਂ ਦੀ ਜਾਣਕਾਰੀ ਰਾਏ ਅਤੇ ਸੁਝਾਉ ਲੈਣ ਲਈ ਪ੍ਰਕਾਸ਼ਿਤ ਕੀਤਾ ਗਿਆ। ਆਏ ਸੁਝਾਵਾਂ ਤੇ ਫੇਰ ਵਿਚਾਰ ਹੋਈ। ਇਸ ਤਰ੍ਹਾਂ ਕਾਫ਼ੀ ਸੋਚ ਵਿਚਾਰ ਪਿਛੋਂ ਜੋ ਖਰੜਾ ਤਿਆਰ ਹੋਇਆ ਉਹ ਸ਼੍ਰੋਮਣੀ ਕਮੇਟੀ ਦੀ ਮਨਜ਼ੂਰੀ ਲਈ ਭੇਜਿਆ ਗਿਆ। ਮਨਜ਼ੂਰੀ ਮਿਥਣੇ ਤੇ ਪੰਥ ਪ੍ਰਵਾਨਤ ਮਰਿਯਾਦਾ ਪੂਰੇ ਪੰਥ ‘ਤੇ ਲਾਗੂ ਹੋਈ ਜੋ ਅਜ ਤਕ ਲਾਗੂ ਚਲੀ ਆ ਰਹੀ ਹੈ।

ਦੂਸਰਾ ਮੰਤਵ ਇਹ ਹੈ ਕਿ ਕਿਸੀ ਸੰਕਟ ਸਮੇਂ, ਗੁਰਬਾਣੀ ਦੇ ਪਾਠ ਦਾ ਆਸਰਾ ਲਿਆ ਜਾਵੇ। ਕਲਗੀਧਰ ਜੀ ਦੇ ਪਿਛੋਂ ਜਦੋਂ ਪੰਥ ਦੀ ਅਗਵਾਈ ਦਾ ਦੇਹਧਾਰੀ ਗੁਰੂ ਦਾ ਸਿਲਸਿਲਾ ਬੰਦ ਹੋ ਗਿਆ ਤਾਂ ਗੁਰਬਾਣੀ ਦਾ ਪਾਠ ਕਰਕੇ ਅਕਾਲ-ਪੁਰਖ ਅੱਗੇ ਅਰਦਾਸ ਕੀਤੀ ਜਾਂਦੀ ਸੀ ਤਾਂ ਜੋ ਖ਼ਾਲਸਾ ਸੰਕਟ ਵਿਚੋਂ ਚੜ੍ਹਦੀਆਂ ਕਲਾਂ ਵਿਚ ਹੋ ਕੇ ਨਿਤਰੇ। ਫੇਰ ਕੁਝ ਸਮਾਂ ਐਸਾ ਵੀ ਆਇਆ ਜਦੋਂ ਖਾਲਸੇ ਨੂੰ ਘਰ ਬਾਰ ਛੱਡ ਕੇ ਜੰਗਲਾਂ ਵਿਚ ਲੁਕ ਛਿਪ ਕੇ ਰਹਿਣਾ ਪੈ ਗਿਆ। ਕਈ ਦਫ਼ਾ ਤਾਂ ਘੋੜੇ ਦੀ ਕਾਠੀ ਹੀ ਖਾਲਸੇ ਦਾ ਘਰ ਬਾਰ ਹੁੰਦੀ ਸੀ। ਕਿਸੀ ਇਕ ਥਾਂ ਟਿਕ ਕੇ ਰਹਿਣਾ ਮੁਸ਼ਕਿਲ ਹੋ ਗਿਆ ਸੀ। ਉਸ ਸਮੇਂ ਸਹਿਜ ਪਾਠ ਲਈ ਵਕਤ ਨਹੀ ਸੀ ਮਿਲ ਸਕਦਾ। ਐਸੇ ਮੋਕਿਆ ‘ਤੇ ਪਾਠ ਲਗਾਤਾਰ ਕਰ ਕੇ ਥੋੜ੍ਹੇ ਹੀ ਸਮੇਂ ਵਿਚ ਪੂਰਾ ਕੀਤਾ ਜਾਂਦਾ ਸੀ। ਪਿਛੋ ਐਸੇ ਹੋਣ ਵਾਲੇ ਪਾਠਾਂ ਦਾ ਨਾਮ ਅਖੰਡ ਪਾਠ ਪ੍ਰਚਲਤ ਹੋ ਗਿਆ ਜੋ ਅੱਜ ਕਲ ਰਿਵਾਜ ਹੀ ਬਣ ਗਿਆ ਹੈ। ਅੱਜ ਤੋਂ ੬੦/੬੫ ਸਾਲ ਪਹਿਲਾਂ ਕੋਈ ਵਿਰਲਾ ਹੀ ਅਖੰਡ ਪਾਠ ਹੋਇਆ ਕਰਦਾ ਸੀ। ਆਮ ਤੌਰ ‘ਤੇ ਸਹਿਜ ਪਾਠ ਹੀ ਹੁੰਦੇ ਸਨ। ਹੁਣ ਦਾ ਰਿਵਾਜ ਇਸ ਤੋਂ ਉਲਟ ਹੋ ਗਿਆ ਹੈ। ਅਖੰਡ ਪਾਠ ਆਮ ਤੇ ਸਹਿਜ ਪਾਠ ਕੋਈ ਵਿਰਲਾ ਹੀ ਹੁੰਦਾ ਹੈ। ਰਹੀ ਗੱਲ ਫਲ ਦੀ ਕਿ ਅਖੰਡ ਪਾਠ ਦਾ ਫਲ ਕਿਤਨਾ ਕੁ ਅਤੇ ਸਹਿਜ ਪਾਠ ਦਾ ਫਲ ਕਿਤਨਾ ਕੁ ਮਿਲਦਾ ਹੈ? ਇਸ ਬਾਰੇ ਪੰਥ ਅੰਦਰ ਕੋਈ ਐਸਾ ਪੈਮਾਨਾ ਮੁਕੱਰਰ ਨਹੀਂ ਹੈ ਜਿਸ ਤੇ ਹਾੜ ਤੋਲ ਕੇ ਆਖਿਆ ਜਾ ਸਕੇ ਕਿ ਸਹਿਜ ਪਾਠ ਦਾ ਫਲ ਕਿਤਨਾ ਅਤੇ ਅਖੰਡ ਪਾਠ ਦਾ ਫਲ ਕਿਤਨਾ ਮਿਲਦਾ ਹੈ। ਇਸ ਬਾਰੇ

ਦਾਸ ਦਾ ਨਿੱਜੀ ਵਿਚਾਰ ਇਹ ਹੈ ਕਿ ਜਿਥੋਂ ਤਕ ਹੋ ਸਕੇ ਅਤੇ ਸਮਾਂ ਇਜਾਜ਼ਤ ਦਿੰਦਾ ਹੋਵੇ ਤਾਂ ਗੁਰਬਾਣੀ ਦਾ ਸਹਿਜ ਪਾਠ ਹੀ ਹੋਣਾ ਚਾਹੀਦਾ ਹੈ। ਸਾਰਾ ਹੀ ਪਰਿਵਾਰ ਵੱਧ ਤੋਂ ਵੱਧ ਪਾਠ ਸੁਣ ਕੇ ਲਾਭ ਉਠਾਏ। ਜਦੋਂ ਕਿਤੇ ਕਿਸੀ ਮਜ਼ਬੂਰੀ ਦੇ ਕਾਰਨ ਸਹਿਜ ਪਾਠ ਨਾ ਹੋ ਸਕਦਾ ਹੋਵੇ ਤਾਂ ਅਖੰਡ ਪਾਠ ਕਰਨਾ ਨਾ ਹੀ ਮਨਮਤਿ ਹੈ ਜੈਸਾ ਕਿ ਕੁਝ ਸੱਜਣਾਂ ਦਾ ਵਿਚਾਰ ਹੈ ਅਤੇ ਨਾ ਹੀ ਗੁਰਮਤਿ ਤੋਂ ਵਿਰੁੱਧ ਹੈ। ਪੰਥ ਪਰਵਾਨਿਤ ਰਹਿਤ ਮਰਿਯਾਦਾ ਅਨੁਸਾਰ ਅਖੰਡ ਪਾਠ ਕਰਾਉਣਾ ਪਰਵਾਨ ਹੈ। ਮਰਿਯਾਦਾ ਦੇ ਖਰੜੇ ਵਿਚ ਅਖੰਡ ਪਾਠ ਕਰਾਉਣ ਦੀ ਵਿਧੀ ਵੀ ਦਰਜ ਹੈ। ਇਸ ਲਈ ਅਖੰਡ ਪਾਠ ਕਰਨਾ ਜਾਂ ਕਰਾਉਣਾ ਗਲਤ ਨਹੀਂ ਹੈ। ਪਰ ਸਪਤਾਹ ਜਾਂ ਸੰਪਟ ਪਾਠ ਪੰਥ ਦੀ ਮਰਿਯਾਦਾ ਤੋਂ ਵਿਰੁੱਧ ਹੈ। ਇਹ ਪ੍ਰਵਾਨ ਨਹੀਂ ਹੈ।

ਇਥੇ ਇਕ ਹੋਰ ਸੱਜਣ ਨੇ ਸਵਾਲ ਕੀਤਾ ਸੀ ਕਿ ਸਪਤਾਹ ਜਾਂ ਸੰਪਟ ਪਾਠ ਮਰਿਯਾਦਾ ਕਮੇਟੀ ਨੇ ਮਨਜ਼ੂਰ ਕਿਉਂ ਨਹੀਂ ਕੀਤਾ? ਇਸ ਦਾ ਠੀਕ ਉੱਤਰ ਤਾਂ ਮਰਿਯਾਦਾ ਕਮੇਟੀ ਦੀਆਂ ਮੀਟਿੰਗਾ ਵਿਚ ਸ਼ਾਮਲ ਹੋਣ ਵਾਲਾ ਕੋਈ ਮੈਂਬਰ ਹੀ ਦੇ ਸਕਦਾ ਹੈ। ਐਸਾ ਮੈਂਬਰ ਅੱਜ ਲੱਭਣਾ ਮੁਸ਼ਕਿਲ ਹੀ ਨਜ਼ਰ ਆਉਦਾਂ ਹੈ, ਕਿਉਂ? ਇਹ ਕਮੇਟੀ ਸਮਨ ੧੯੩੨ ਵਿਚ ਬਣੀ ਸੀ। ਉਸ ਵਕਤ ਦਾ ਕੋਈ ਸੱਜਣ ਅੱਜ ਜਿੰਦਾ ਹੈ ਵੀ ਜਾਂ ਨਹੀ ਇਹ ਜਾਨਣਾ ਔਖੀ ਗੱਲ ਹੈ। ਦਾਸ ਇਸ ਸੰਬੰਧ ਵਿਚ ਆਪਣਾ ਨਿੱਜੀ ਵਿਚਾਰ ਹੀ ਪੇਸ਼ ਕਰ ਸਕਦਾ ਹੈ। ਉਹ ਇਸ ਪ੍ਰਕਾਰ ਹੈ ਕਿ ਪਾਠ ਸੱਤ ਦਿਨ ਵਿਚ ਪੂਰਾ ਕੀਤਾ ਜਾਵੇ ਇਸ ਦੀ ਕੋਈ ਖ਼ਾਸ ਮਹੱਤਤਾ ਨਜ਼ਰ ਨਹੀਂ ਆਉਂਦੀ। ਜੇ ਪਾਠ ੬, ੮ ਜਾਂ ਹੋਰ ਵੀ ਵੱਧ ਘੱਟ ਦਿਨਾਂ ਵਿਚ ਪੂਰਾ ਹੋ ਜਾਵੇ ਤਾਂ ਕੋਈ ਬੁਰਾਈ ਵੀ ਮਾਲੂਮ ਨਹੀਂ ਹੁੰਦੀ। ਇਸ ਲਈ ਸਪਤਾਹ ਪਾਠ ਦੀ ਰਸਮ ਵਿਚ ਕੋਈ ਵਜ਼ਨ ਪ੍ਰਤੀਤ ਨਹੀਂ ਹੁੰਦਾ।

ਸੰਪਟ ਪਾਠ ਦੇ ਸੰਬੰਧ ਵਿਚ ਅਰਜ਼ ਹੈ ਕਿ ਗੁਰਬਾਣੀ ਮੰਤਰ ਰੂਪ ਹੈ। ਇਹ ਨਿਰਧਾਰਤ ਰਾਗਾਂ ਵਿਚ ਲਿਖੀ ਗਈ ਹੈ। ਪੰਥ ਦੀ ਪਰਵਾਨਿਤ ਮਰਿਯਾਦਾ ਅਨੁਸਾਰ ਇਸ ਦਾ ਕੀਰਤਨ ਵੀ ਰਾਗਾਂ ਵਿਚ ਹੀ ਕਰਨਾ ਚਾਹੀਦਾ ਹੈ। ਮੰਤਰ ਦਾ ਉਚਾਰਨ ਨਿਰਧਾਰਤ ਰੂਪ ਵਿਚ ਕੀਤਾ ਹੋਇਆ ਹੀ ਨਿਰਧਾਰਤ ਅਸਰ ਪੈਦਾ ਕਰਦਾ ਹੈ। ਮੰਤਰ ਵਿਚ ਕੋਈ ਵੀ ਲਫਜ਼ ਅੱਗੇ ਪਿਛੇ ਜਾਂ ਵੱਧ ਘੱਟ ਕੀਤਿਆਂ ਉਹ ਅਸਰ ਪੈਦਾ ਨਹੀਂ ਹੋ ਸਕਦਾ ਜੋ ਅਸਲ ਵਿਚ ਹੋਣਾ ਚਾਹੀਦਾ ਹੈ। ਜਦੋਂ ਅਸੀਂ ਸੰਪਟ ਪਾਠ ਵਿਚ ਹਰ ਸ਼ਬਦ ਦੇ ਆਰੰਭ ਅਤੇ ਅੰਤ ਵਿਚ ਕਿਸੀ ਹੋਰ ਤੁਕ ਦਾ ਉਚਾਰਨ ਕਰਦੇ ਹਾਂ ਤਾਂ ਭਾਵੇਂ ਉਹ ਗੁਰਬਾਣੀ ਦੀ ਹੀ ਤੁਕ ਹੁੰਦੀ ਹੈ, ਪਰ ਉਸ ਦਾ ਉਚਾਰਨ, ਸ਼ਬਦ ਦੇ ਆਪਣੇ ਸੁਰ ਤਾਲ ਅਤੇ ਭਾਵ ਵਿਚ ਵਿਘਨ ਪਾਉਂਦਾ ਹੈ। ਇਸ ਕਾਰਨ ਉਸ ਸ਼ਬਦ ਦਾ ਨਿਰਧਾਰਤ ਅਸਰ ਪੈਦਾ ਨਹੀਂ ਹੋ ਸਕਦਾ। ਇਸ ਹਕੀਕਤ ਦਾ ਕਿ ਕਿਸੀ ਸ਼ਬਦ ਦੇ ਸੁਰ ਤਾਲ ਦਾ ਆਪਣਾ ਹੀ ਕੋਈ ਖ਼ਾਸ ਅਸਰ ਹੁੰਦਾ ਹੈ, ਇਸ ਦਾ ਪਰਦਰਸ਼ਨ ਸੰਨ ੧੯੩੪ ਵਿਚ ਪੈਰਿਸ ਦੇ ਇਕ ਥੀਏਟਰ ਵਿਚ ਮਿਸਿਜ਼ ਹੀਊਜ਼ ਨੇ ਕੀਤਾ ਸੀ। ਉਸ ਨੇ ਕੈਨਵਸ ਦੇ ਕਪੜੇ ਉਪਰ ਕੋਈ ਬਾਰੀਕ ਧੂੜਾ ਧੂੜ ਦਿੱਤਾ। ਕਪੜੇ ਨੂੰ ਤਾਣ ਕੇ ਕੱਸ ਕੇ ਬੰਨ ਦਿੱਤਾ। ਕਲਾਕਾਰ ਨੇ Sermon on the mount ਦਾ ਗਾਣਾ ਗਾਇਆ। ਗਾਣੇ ਦੀ ਆਵਾਜ਼ ਦੁਆਰਾ ਧੂੜੇ ਵਿਚ ਹਲਕੀ ਜਿਹੀ ਥਰਥਰਾਹਟ ਪੈਦਾ ਹੁੰਦੀ ਰਹੀ। ਜਦੋਂ ਕਲਾਕਾਰ ਨੇ ਗਾਣਾ ਖਤਮ ਕੀਤਾ ਤਾਂ ਪਰਦੇ ਉਪਰ ਮਾਤਾ ਮਰੀਅਮ ਹਜ਼ਰਤ ਯਸੂਹ ਮਸੀਹ ਨੂੰ ਆਪਣੀ ਗੋਦੀ ਚੁਕੀ ਖੜੀ ਦੀ ਤਸਵੀਰ ਉਲੀਕ ਹੋ ਚੁੱਕੀ ਸੀ।

ਇਸ ਪਿਛੋਂ ਇਕ ਜਪਾਨੀ ਕਲਾਕਾਰ ਨੇ ਜਾਪਾਨੀ ਜ਼ੁਬਾਨ ਦਾ ਕੋਈ ਰਾਗ ਅਲਾਪਿਆ ਤਾਂ ਰਾਗ ਦੇ ਖਾਤਮੇ ਤੇ ਪਰਦੇ ਉਪਰ ਜਾਪਾਨ ਦੇ ਮੁਲਖ਼ ਦਾ ਖਾਕਾ ਉਲੀਕਿਆ ਜਾ ਚੁੱਕਾ ਸੀ। ਉਸ ਦੇ ਪਿੱਛੋਂ ਇਕ ਹਿੰਦੁਸਤਾਨੀ ਕਲਾਕਾਰ ਨੇ ਕੋਈ ਹਿੰਦੁਸਤਾਨੀ ਰਾਗ ਗਾਇਆ ਤਾਂ ਪਰਦੇ ਉਪਰ ਇਕ ਫੁਲ ਦੀ

ਸ਼ਕਲ ਬਣ ਚੁੱਕੀ ਸੀ। ਹਿੰਦੁਸਤਾਨ ਵਿਚ ਇਕ ਦੰਦ ਕਥਾ ਪ੍ਰਚਲਤ ਹੈ ਕਿ ਕਿਸੀ ਕਲਾਕਾਰ ਨੇ ਦੀਪਕ ਰਾਗ ਗਾਇਆ ਤਾਂ ਸਾਰੇ ਸ਼ਹਿਰ ਦੇ ਦੀਵੇ ਜਲ ਪਏ। ਜਲੰਧਰ ਸ਼ਹਿਰ ਵਿਚ ਹਰਬੱਲਭ ਦਾ ਮੇਲਾ ਵੀ ਇਸੀ ਤੱਥ ਦਾ ਸੂਚਕ ਹੈ। ਦਸਦੇ ਹਨ ਕਿ ਹਰਬੱਲਭ ਦੇ ਗਾਣਾਂ ਗਾਉਣ ਤੇ ਬਾਰਸ਼ ਹੋ ਗਈ ਸੀ। ਉਸ ਦੀ ਯਾਦ ਵਿਚ ਇਹ ਮੇਲਾ ਹਰ ਸਾਲ ਮਨਾਇਆ ਜਾਂਦਾ ਹੈ।

ਇਹ ਸਭ ਕੁਝ ਅਰਜ਼ ਕਰਨ ਦਾ ਭਾਵ ਇਹ ਹੈ ਕਿ Sound ਜਾਂ ਆਵਾਜ਼ Energy ਇਸ ਨੂੰ ਕਿਸੀ ਖਾਸ ਸੁਰਤਾਲ ਵਿਚ ਅਲਾਪਿਆ, Energy ਆਪਣਾ ਖਾਸ ਅਸਰ ਪੈਦਾ ਕਰਦੀ ਹੈ। ਗੁਰਬਾਣੀ ਜੋ ਖਾਸ ਰਾਗਾਂ ਵਿਚ ਲਿਖੀ ਗਈ ਹੈ ਉਸ ਵਿਚ ਕਿਸੀ ਹੋਰ ਦੂਸਰੇ ਰਾਗ ਦੀ ਤੁਕ ਨੂੰ ਸ਼ਾਮਲ ਕਰਨਾ ਸ਼ਬਦ ਦੇ ਆਪਣੇ ਅਸਰ ਪੈਦਾ ਕਰਨ ਵਿਚ ਵਿਘਨ ਕਾਰੀ ਹੋ ਜਾਂਦਾ ਹੈ। ਤੁਕਾਂ ਵਧ ਘਟ ਪਾ ਕੇ ਪਾਠ ਕਰਨਾ ਜੇ ਪਰਵਾਨ ਕਰ ਲਿਆ ਜਾਵੇ ਤਾਂ ਅੱਗੇ ਚਲ ਕੇ ਕਿਸੀ ਸਮੇਂ ਗੁਰਬਾਣੀ ਦੀ ਸਾਰੀ ਹੀ ਤਰਤੀਬ ਉਥਲ ਪੁਥਲ ਹੋ ਸਕਦੀ ਹੈ। ਇਸ ਲਈ ਦਾਸ ਦੀ ਨਿੱਜੀ ਤੁਛ ਬੁੱਧੀ ਅਨੁਸਾਰ ਗੁਰਬਾਣੀ ਦਾ ਪਾਠ ਉਸ ਦੀ ਆਪਣੀ ਹੀ ਤਰਤੀਬ ਦੇ ਅਨੁਸਾਰ ਹੋਣਾ ਚਾਹੀਦਾ ਹੈ। ਉਸ ਵਿਚ ਕਿਸੀ ਕਿਸਮ ਦਾ ਵਾਧਾ ਘਾਟਾ ਕਰਨਾ ਸਾਡੀ ਅਲਪੱਗ ਬੁੱਧੀ ਦੀ ਮਨਮਤਿ ਹੋਵੇਗੀ। ਗੁਰਮਤਿ ਨਹੀਂ। ਇਸ ਮਨਮਤਿ ਤੋਂ ਬਚਣਾ ਹੀ ਉਚਿਤ ਹੈ।

ਅਗਲਾ ਮੰਤਵ ਹੈ ਨਾਮ ਅਭਿਆਸ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਲਈ ਗੁਰਬਾਣੀ ਦਾ ਓਟ ਆਸਰਾ ਲੈਣਾ। ਆਪ ਜੀ ਪਿੱਛੇ ਪੜ੍ਹ ਆਏ ਹੋ ਕਿ 'ਨਾਮ' ਨਿਰੰਕਾਰ ਦਾ ਬਦਲਵਾ ਰੂਪ ਹੈ ਅਤੇ ਗੁਰਬਾਣੀ ਨਿਰੰਕਾਰ ਦੇ ਦੇਸ਼ ਦੀ ਉਪਜ ਹੈ। ਇਸ ਲਈ 'ਨਾਮ ਅਤੇ ਬਾਣੀ' ਦਾ ਆਪੋ ਵਿਚ ਬਹੁਤ ਨੇੜੇ ਦਾ ਸੰਬੰਧ ਹੈ। ਅੰਮ੍ਰਿਤ ਸੰਚਾਰ ਸਮੇਂ ਜਿਥੇ ਪੰਚਾਂ ਦੀ ਸੇਵਾ ਵਿਚ ਪੂਰਨ ਨਾਮ ਅਭਿਆਸੀ ਸਿੰਘ ਹੁੰਦੇ ਹਨ ਉਥੇ ਗੁਰੂ ਨਾਨਕ ਦੇਵ ਜੀ ਦੀ ਜੋਤਿ ਆਪ ਹਾਜ਼ਰ ਹੋ ਕੇ ਪੰਚਾਂ ਦੀ ਮਾਰਫ਼ਤ ਅੰਮ੍ਰਿਤ ਅਭਿਲਾਖੀ ਸੱਜਣਾਂ ਦੇ ਅੰਦਰ ਅੰਮ੍ਰਿਤ-ਕਲਾ ਆਪ ਵਰਤਾਉਂਦੀ ਹੈ। ਇਹ ਕਲਾ ਵਰਤਣ ਤੇ ਪ੍ਰਾਣੀ ਦੇ ਅੰਦਰ ਪਹਿਲਾਂ ਤੋਂ ਮੌਜੂਦ ਨਾਮ ਦੀ ਗੁਪਤ ਸ਼ਕਤੀ ਪ੍ਰਗਟ ਹੋ ਕੇ ਅੰਮ੍ਰਿਤ ਅਭਿਲਾਖੀ ਸੱਜਣ ਦੀ ਨਾੜ ਨਾੜ ਵਿਚ ਥਰ-ਥਰਾਹਟ ਪੈਦਾ ਕਰ ਕੇ ਨਾਮ ਦੀ ਰੌ ਚਾਲੂ ਕਰ ਦਿੰਦੀ ਹੈ।

ਇਸ ਗੁਪਤੋਂ ਪ੍ਰਗਟ ਹੋਈ ਨਾਮ ਦੀ ਰੌ ਦੇ ਨਾਲ ਜੁੜਨੇ ਲਈ ਗੁਰੂ ਨਾਨਕ ਦੇਵ ਜੀ ਪੰਜਾਂ ਪਿਆਰਿਆਂ ਦੀ ਮਾਰਫ਼ਤ ਗੁਰ-ਸ਼ਬਦ, ਗੁਰ-ਮੰਤਰ ਜਾਂ ਨਾਮ ਦੀ ਬਖਸ਼ਿਸ ਕਰਦੇ ਹਨ। ਗੁਰ-ਸ਼ਬਦ ਦੀ ਕਮਾਈ ਕਰਕੇ ਪ੍ਰਾਣੀ ਨੇ ਅੰਦਰੋਂ ਪ੍ਰਗਟ ਹੋਈ ਨਾਮ ਦੀ ਰੌ ਦੇ ਨਾਲ ਜੁੜਨਾ ਹੁੰਦਾ ਹੈ। ਜਦੋਂ ਇਕ ਵਾਰ ਇਸ ਰੌ ਨਾਲ ਮਿਲਾਪ ਹੋ ਜਾਂਦਾ ਹੈ ਤਾਂ ਨਾਮ ਅਭਿਆਸ, ਨਿਰਯਤਨ ਹੀ ਆਪਣੇ ਆਪ ਚਾਲੂ ਹੋ ਜਾਂਦਾ ਹੈ ਅਤੇ ਫੇਰ ਚਲਿਆ ਹੀ ਰਹਿੰਦਾ ਹੈ। ਇਹ ਹੈ ਓਹ ਲੋੜ ਜਿਸ ਦੀ ਖਾਤਰ ਅੰਮ੍ਰਿਤ ਪਾਨ ਕੀਤਾ ਜਾਂਦਾ ਹੈ।

ਕੋਈ ਵੀਰ ਐਸੇ ਵੀ ਹੋ ਸਕਦੇ ਹਨ ਜੋ ਗੁਰੁ ਨਾਨਕ ਦੇਵ ਜੀ ਦੀ ਜੋਤਿ ਦੀ ਗੱਲ ਨੂੰ ਮਨ ਉਕਤ ਢਕੋਂਸਲਾ ਜਾਂ ਗਪੌੜ ਸੰਖ ਹੀ ਆਖਣਗੇ, ਪਰ ਇਹ ਇਕ ਹਕੀਕਤ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਜੋਤਿ ਹਾਜ਼ਰ ਹੁੰਦੀ ਹੈ ਜਿਸ ਦੇ ਪ੍ਰਤੱਖ ਦਰਸ਼ਨ ਗੁਰਮੁਖ ਪਿਆਰੇ ਸੱਜਣਾਂ ਨੂੰ ਅਕਸਰ ਹੋ ਜਾਂਦੇ ਹਨ ਅਤੇ ਹੋਏ ਹਨ। ਜਿਥੇ ਪੰਚਾਂ ਦੀ ਸੇਵਾ ਵਿਚ ਆਮ ਸਾਧਾਰਨ ਬੰਦਿਆ ਨੂੰ ਲੈ ਕੇ ਸਿਰਫ਼ ਡੰਗ ਟਪਾਊ ਕੰਮ ਕੀਤਾ ਜਾਂਦਾ ਹੈ ਉਥੇ ਨਾ ਹੀ ਜੋਤਿ ਹਾਜ਼ਰ ਹੁੰਦੀ ਹੇ ਨਾ ਹੀ ਉਪਰ ਬਿਆਨ ਕੀਤੀ ਹਾਲਤ ਹੀ ਪੈਦਾ ਹੋ ਸਕਦੀ ਹੈ।

ਜਿਸ ਪ੍ਰਾਣੀ ਦੇ ਅੰਦਰ ਉਪਰ ਬਿਆਨ ਹੋਈ ਅੰਮ੍ਰਿਤ ਕਲਾ ਵਰਤ ਚੁੱਕੀ ਹੋਵੇ ਉਸ ਦੇ ਕੰਨ ਵਿਚ ਕਿਸੀ ਵੀ ਪਾਸਿਓ ਗੁਰਬਾਣੀ ਦੀ ਆਵਾਜ਼ ਭਾਵੇਂ ਪਾਠ ਹੋਵੇ ਜਾਂ ਕੀਰਤਨ, ਪੈਂਦੀ ਹੈ ਤਾਂ ਉਸ ਦੇ ਅੰਦਰ ਨਾਮ ਦਾ ਖੰਡਾ ਦਹਦੂਣੀ ਰਫ਼ਤਾਰ ਵਿਚ ਖੜਕਣ ਲਗ ਪੈਂਦਾ ਹੈ ਤੇ ਆਪ ਮੁਹਾਰੇ ਵੇਗ ਵਿਚ ਨਿਰਯਤਨ ਹੀ ਖੜਕਦਾ ਰਹਿੰਦਾ ਹੈ। ਜਦੋਂ ਵੀ ਪਾਠ ਜਾਂ ਕੀਰਤਨ ਵਿਚ ਗੁਰਬਾਣੀ ਤੋਂ ਇਲਾਵਾ ਕਿਸੀ ਕੱਚੀ ਬਾਣੀ ਦੇ ਸ਼ਬਦ ਆ ਜਾਂਦੇ ਹਨ ਤਾਂ ਨਾਮ ਤੇ ਬਾਣੀ ਦਾ ਸੰਪਰਕ ਟੁੱਟ ਜਾਂਦਾ ਹੈ। ਨਾਮ ਦਾ ਵੇਗ ਆਪਣੇ ਆਪ ਹੀ ਮੱਧਮ ਪੈ ਜਾਂਦਾ ਹੈ। ਇਹੀ ਕਾਰਨ ਹੈ ਕਿ ਕੀਰਤਨ ਵੇਲੇ ਬਾਹਰੋਂ ਕੱਚੀ ਬਾਣੀ ਦੀ ਧਾਰਨਾ ਲੈ ਕੇ ਕੀਰਤਨ ਕਰਨ ਦੀ ਮਰਿਯਾਦਾ ਅਨੁਸਾਰ ਮਨਾਹੀ ਹੈ। ਜਦੋਂ ਫੇਰ ਗੁਰਬਾਣੀ ਚਾਲੂ ਹੁੰਦੀ ਹੈ ਫੇਰ ਖੰਡਾ ਪੂਰੇ ਵੇਗ ਵਿਚ ਖੜਕਣ ਲਗ ਪੈਂਦਾ ਹੈ। ਗੁਰਬਾਣੀ ਦੀ ਆਵਾਜ਼ ਨਾਮ ਨੂੰ ਖਿਚ ਕੇ ਆਪਣੇ ਨਾਲ ਇਸ ਤਰ੍ਹਾਂ ਜੋੜ ਲੈਂਦੀ ਹੈ ਜਿਵੇ ਮੈਗਨਟ ਲੋਹੇ ਨੂੰ। ਗੁਰਬਾਣੀ ਦਾ ਕੀਰਤਨ ਸਿਰਫ਼ ਇਸ ਮਕਸਦ ਨੂੰ ਮੁਖ ਰੱਖ ਕੇ ਕੀਤਾ ਜਾਂਦਾ ਹੈ। ਨਾਮ ਅਭਿਆਸੀ ਸੱਜਣ ਨਾਮ ਤੇ ਬਾਣੀ ਦੇ ਇਸ ਮਿਲਾਪ ਦੇ ਆਸਰੇ ਸਾਰੀ ਸਾਰੀ ਰਾਤ ਕੀਰਤਨ ਕਰਦੇ ਜਾਂ ਸੁਣਦੇ ਤੇ ਨਾਮ ਦਾ ਖੰਡਾ ਖੜਕਾਉਂਦੇ ਨਾ ਹੀ ਅਕਦੇ ਹਨ ਤੇ ਨਾ ਹੀ ਥਕਦੇ ਹਨ। ਅੱਜ ਕਲ ਦੇ ਕੀਰਤਨੀਏ ਸੱਜਣ ਫਿਲਮੀ ਤਰਜ਼ਾਂ ਅਤੇ ਮਨ ਉਕਤ ਧਾਰਨਾਂ ਲਾ ਕੇ, ਨਾਮ ਅਭਿਆਸ ਨੂੰ ਭੁਲ ਕੇ ਕੰਨ ਰਸ ਵਿਚ ਫਸੇ ਹੋਏ ਹਨ। ਬਹੁਤ ਚੰਗਾ ਹੋਵੇ ਜੇ ਗੁਰਸਿੱਖ ਨਾਮ ਅਤੇ ਬਾਣੀ ਦੇ ਇਸ ਸੰਬੰਧ ਦੇ ਗੁਪਤ ਰਾਜ਼ ਦੇ ਮਹਿਰਮ ਹੋ ਸਕਣ।

ਇਸ ਅਵੱਸਥਾ ਲਈ ਗੁਰਬਾਣੀ ਦੇ ਅਰਥ ਕਰਨ ਦੀ ਲੋੜ ਨਹੀ ਹੁੰਦੀ ਅਤੇ ਨਾ ਹੀ ਇਹ ਸੋਚਣਾ ਹੁੰਦਾ ਹੈ ਕਿ ਗੁਰਬਾਣੀ ਕਿਆ ਕਹਿੰਦੀ ਹੈ। ਗੁਰਬਾਣੀ ਨੂੰ ਸਿਰਫ਼ ਸੁਨਣਾ ਹੈ। ਬਾਕੀ ਅਗਲਾ ਕੰਮ ਆਪੇ ਹੀ ਹੋ ਜਾਏਗਾ। ਇਸ ਪ੍ਰਥਾਏ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਵਿਚਾਰ ਇਸ ਪ੍ਰਕਾਰ ਹਨ। **"ਬਾਣੀ ਪਾਰਸ ਜੁ ਹੋਈ", ਉਸ ਨੇ ਪਾਰਸ ਕਲਾ ਜ਼ਰੂਰ ਵਰਤਾਉਣੀ ਹੈ। ਏਥੇ ਸੋਚ ਵਿਚਾਰ ਅਥਵਾ ਬਾਣੀ ਦੀ ਅਰਥਾ ਬੰਦੀ ਦੀ ਲੋੜ ਨਹੀਂ, ਧੁਰ ਦੀ ਬਾਣੀ ਦੀ ਅਰਥਾ ਬੰਦੀ ਹੀ ਕੀ? ਸਰਬੱਗਯ ਮਹਾਂਪੁਰਖਾਂ ਦੀ ਬਾਣੀ ਦਾ ਅਰਥ ਅਲਪੱਗ ਮਾਣੂਆਂ ਨੇ ਆਪਣੀ ਮਨ ਦੀ ਮਤਿ ਅਨੁਸਾਰ ਹੀ ਲਾਉਣਾ ਹੋਇਆ, ਜੋ ਗੁਰਮਤਿ ਤੋਂ ਕੋਸੋਂ ਦੂਰ ਰਹਿ ਜਾਂਦਾ ਹੈ। ਤਾਂ ਤੇ ਬਾਣੀ ਦਾ ਪਰਸਨ ਮਾਤਰ ਹੀ ਦਰਕਾਰ ਹੈ। ਪਾਰਸ ਨੇ ਆਪਣੀ ਪਾਰਸ ਕਲਾ ਵਰਤਾਉਣੀ ਹੀ ਹੈ। ਕੇਵਲ ਉਸ ਦੇ ਪਰਸਨ ਦੀ ਲੋੜ ਹੈ। ਗੁਰਬਾਣੀ ਨਾਮ ਦਾ ਖੰਡਾ ਖੜਕਾਉਣ ਲਈ ਸਹਾਈ ਹੁੰਦੀ ਹੈ ਅਤੇ ਨਾਮ ਦਾ ਖੰਡਾ ਸਹਿਜ ਪਦ ਦੀ ਪ੍ਰਾਪਤੀ ਲਈ"।**

ਕਾਰਜ ਅਨੇਕ ਤਰਾਂ ਦੇ ਹੋ ਸਕਦੇ ਹਨ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਸਹਿਜ ਜਾਂ ਅਖੰਡ ਪਾਠ ਕਰਾਉਂਦੇ ਹਾਂ। ਅਜ ਕਲ ਪੰਜਾਬੀ ਲੋਕ ਬਾਹਰ ਦੇ ਦੇਸ਼ਾਂ ਵਿਚ ਕਾਫ਼ੀ ਜ਼ਿਆਦਾ ਰਹਿੰਦੇ ਹਨ। ਉਹ ਪਿੱਛੇ ਇੰਡੀਆ ਵਿਚ ਆਪਣੇ ਸਕੇ ਸੰਬੰਧੀਆ ਨੂੰ ਮਾਇਆ ਭੇਜਦੇ ਹਨ। ਸਕੇ ਸੰਬੰਧੀ ਆਈ ਮਾਇਆ ਨੂੰ ਸਫਲ ਕਰਨ ਦੇ ਖਿਆਲ ਨਾਲ ਅਖੰਡ ਪਾਠ ਕਰਵਾਉਂਦੇ ਹਨ ਤੇ ਅਕਾਲ-ਪੁਰਖ ਦਾ ਸ਼ੁਕਰਾਨਾ ਅਦਾ ਕਰਦੇ ਹਨ। ਇਥੋਂ ਤੱਕ ਤਾਂ ਇਹ ਗੱਲ ਠੀਕ ਹੈ, ਪਰ ਕਈ ਦਫ਼ਾ ਚੰਗਿਆਈ ਵਿਚੋਂ ਵੀ ਬੁਰਿਆਈ ਫੁਟ ਪੈਂਦੀ ਹੈ। ਸਾਡੇ ਦੇਸ਼ ਦੇ ਵਸਨੀਕਾਂ ਵਿਚੋਂ ਤਾਅਲੀਮ ਦੀ ਘਾਟ ਕਾਰਨ ਅਕਸਰ ਕਾਫ਼ੀ ਲੋਕ ਵਹਿਮ ਪ੍ਰਸਤੀ ਦਾ ਸ਼ਿਕਾਰ ਹੋਏ ਹੁੰਦੇ ਹਨ। ਉਹ ਆਪਣੇ ਵੱਡੇ ਵਡੇਰਿਆਂ ਦੀਆਂ ਮੜ੍ਹੀਆਂ ਬਣਾ ਕੇ ਉਨ੍ਹਾਂ ਅੱਗੇ ਮੱਥੇ ਰਗੜਦੇ ਹਨ। ਹੁਣ ਇਕ ਨਵੀਂ ਬੀਮਾਰੀ ਇਹ ਫੈਲ ਰਹੀ ਹੈ ਕਿ ਅਸੀਂ ਅਖੰਡ ਪਾਠ ਆਪਣੇ ਘਰ ਜਾਂ ਗੁਰੂਦੁਆਰੇ ਕਰਵਾਉਣ ਦੀ ਥਾਂ ਇਨ੍ਹਾਂ ਮੜ੍ਹੀਆਂ ਤੇ ਕਰਵਾਉਣ ਲਗ ਪਏ ਹਾਂ। ਉਥੇ ਹੁੰਦਾ ਕਿਆ ਹੈ ਕਿ ਸ਼ਰਧਾਲੂ ਆਉਦੇਂ ਹਨ ਮੜ੍ਹੀ ਨੂੰ ਮੱਥਾ ਟੇਕਦੇ ਹਨ ਤੇ ਸੰਗਤ ਵਿਚ ਬੈਠ ਜਾਂਦੇ ਹਨ। ਗੁਰੂ ਗ੍ਰੰਥ

ਸਾਹਿਬ ਨੂੰ ਮੱਥਾ ਟੇਕਣ ਦੀ ਲੋੜ ਹੀ ਨਹੀਂ ਸਮਝਦੇ। ਵਿਰਲੇ ਸੱਜਣ ਹੁੰਦੇ ਹਨ ਜੋ ਮੜ੍ਹੀ ਨੂੰ ਮੱਥਾ ਟੇਕ ਕੇ ਫਿਰ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹਨ। ਮਾਨੋ ਉਨ੍ਹਾਂ ਦੇ ਖਿਆਲ ਅਨੁਸਾਰ ਮੜ੍ਹੀ ਦਾ ਦਰਜਾ ਗੁਰੂ ਗ੍ਰੰਥ ਸਾਹਿਬ ਤੋਂ ਉਚਾ ਹੈ। ਵਿਰਲੇ ਹੀ ਸੱਜਣ ਹਨ ਜੋ ਸਿਰਫ਼ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਮੱਥਾ ਟੇਕਦੇ ਹਨ।

ਚੂੰ ਕਿ ਅਖੰਡ ਪਾਠਾਂ ਦਾ ਰਿਵਾਜ਼ ਜ਼ੋਰ ਫੜ ਗਿਆ ਹੈ ਗੁਰੂਦੁਆਰਿਆਂ ਵਿਚ ਪਾਠਾਂ ਦਾ ਭੁਗਤਾਨ ਕਰਨਾ ਔਖਾ ਹੋ ਰਿਹਾ ਹੈ। ਇਥੇ ਹੁਣ ਇਕ ਨਵੇਂ ਰਿਵਾਜ਼ ਨੇ ਵੀ ਜ਼ੋਰ ਫੜ ਲਿਆ ਹੈ ਕਿ ਇਕ ਥਾਂ ਇਕੋ ਸਮੇਂ ਕਈ ਕਈ ਪਾਠ ਇਕੱਠੇ ਹੀ ਰੱਖ ਦਿਤੇ ਜਾਂਦੇ ਹਨ। ਇਕ ਪਾਠੀ ਬੋਲ ਕੇ ਪਾਠ ਕਰਦਾ ਹੈ ਬਾਕੀ ਸਿਰਫ਼ ਅੱਖਾਂ ਹੀ ਫੇਰੀ ਜਾਂਦੇ ਹਨ। ਇਹ ਬੀਮਾਰੀ ਵੀ ਐਥੋਂ ਤੱਕ ਵਧ ਗਈ ਹੈ ਕਿ ਡੇਢ ਡੇਢ ਸੌ ਪਾਠ ਇਕੱਠੇ ਹੁੰਦੇ ਦੇਖ ਸਕਦੇ ਹੋ। ਕਈ ਕਈ ਥਾਂਵਾਂ ਤੇ ਚਲਦੇ ਪਾਠਾਂ ਵਿਚ ਦੀਵੇ ਜਲਾ ਕੇ ਆਰਤੀ ਕੀਤੀ ਜਾਂਦੀ ਹੈ। ਸ਼ਬਦ ਕੀਰਤਨ ਵੀ ਹੁੰਦਾ ਹੈ ਤੇ ਪਾਠ ਵੀ ਚਲਦਾ ਹੈ। ਇਕ ਬੀਮਾਰੀ ਹੋਰ ਇਹ ਵੀ ਫੁਟ ਪਈ ਹੈ ਕਿ ਮ੍ਰਿਤਕ ਦੀ ਦੇਹ ਨੂੰ ਗੁਰੂਦੁਆਰੇ ਲੈ ਜਾ ਕੇ ਰੱਖ ਦਿੱਤਾ ਜਾਂਦਾ ਹੈ। ਅਰਦਾਸ ਸੋਧ ਕੇ ਦੇਹ ਨੂੰ ਫੇਰ ਸ਼ਮਸ਼ਾਨ ਘਾਟ ਨੂੰ ਲੈ ਜਾਇਆ ਜਾਂਦਾ ਹੈ। ਆਖਿਆ ਇਹ ਜਾਂਦਾ ਹੈ ਕਿ ਮ੍ਰਿਤਕ ਦਾ ਗੁਰੂਦੁਆਰੇ ਮੱਥਾ ਟਿਕਾਇਆ ਗਿਆ ਹੈ। ਇਸ ਬੀਮਾਰੀ ਵਿਚ ਪੜ੍ਹੇ ਲਿਖੇ ਸੂਝਵਾਨ ਸੱਜਣ ਵੀ ਫਸੇ ਹੋਏ ਹਨ। ਐਥੋਂ ਤਕ ਕਿ ਇਥੇ ਇੰਗਲੈਂਡ ਵਿਚ ਇਕ ਸੰਤ ਜੀ ਦੀ ਮ੍ਰਿਤਕ ਦੇਹ ਨੂੰ ਗੁਰੂਦੁਆਰੇ ਲੈ ਜਾ ਕੇ ਉਸ ਦੀ ਅਰਦਾਸ ਜਥੇਦਾਰ ਸਾਹਿਬ ਅਕਾਲ ਤਖ਼ਤ ਨੇ ਕੀਤੀ। ਜਥੇਦਾਰ ਅਕਾਲ ਤਖ਼ਤ ਪੰਥ ਦੀ ਰਹਿਤ ਮਰਿਯਾਦਾ ਦੇ ਮੁਹਾਫ਼ਜ਼ ਹਨ। ਜੇ ਵਾੜ ਹੀ ਖੇਤ ਨੂੰ ਖਾਣ ਲੱਗ ਪਈ ਤਾਂ ਖੇਤ ਦੀ ਰਾਖੀ ਕੌਣ ਕਰੇਗਾ?

ਹੁਣ ਅਮੀਰ ਲੋਕਾਂ ਨੇ ਤਾਂ ਅਕਾਲ ਪੁਰਖ ਨੂੰ ਆਪਣਾ ਘਰੇਲੂ ਨੌਕਰ ਹੀ ਸਮਝ ਰਖਿਆ ਹੈ। ਪੈਸੇ ਦਿਉ ਤੇ ਆਪਣਾ ਕੰਮ ਕਰਵਾ ਲਉ। ਉਹ ਆਪਣੇ ਕਿਸੀ ਕਾਰਜ ਦੀ ਸਿਧੀ ਲਈ ਕਿਸੀ ਗੁਰੂਦੁਆਰੇ ਪੈਸੇ ਭੇਜ ਕੇ ਅਖੰਡ ਪਾਠ ਕਰਨ ਲਈ ਚਿਠੀ ਲਿਖ ਦਿੰਦੇ ਹਨ। ਪਾਠ ਗੁਰੂਦੁਆਰੇ ਹੋ ਜਾਂਦਾ ਹੈ। ਪਾਠ ਦੇ ਆਰੰਭ ਅਤੇ ਭੋਗ ਸਮੇਂ ਦੇ ਆਏ ਹੁਕਮਨਾਮੇ ਚਿੱਠੀ ਰਾਹੀਂ ਸਰਦਾਰ ਹੋਰਾਂ ਨੂੰ ਪਹੁੰਚ ਜਾਂਦੇ ਹਨ। ਸਰਦਾਰ ਹੋਰੀਂ ਨਾਂ ਤੇ ਪਾਠ ਹੁੰਦਾ ਦੇਖਿਆ ਅਤੇ ਨਾ ਹੀ ਸੁਣਿਆ ਪਰ ਆਪਣੇ ਮਨ ਨੂੰ ਤਸੱਲੀ ਦੇ ਲਈ ਕਿ ਹੁਣ ਰੱਬ ਉਨ੍ਹਾਂ ਦੀ ਜੇਬ ਵਿਚ ਆ ਪਿਆ ਹੈ। ਹੁਣ ਉਹ ਜਿਥੇ ਚਾਹੁਣ ਅਤੇ ਜਿਵੇਂ ਚਾਹੁਣ ਵਰਤ ਲੈਣ। ਬੀਮਾਰੀ ਦੇ ਇਸ ਬੂਟੇ ਨੂੰ ਇਕ ਨਵੀਂ ਸ਼ਾਖ ਇਹ ਫੁੱਟੀ ਹੈ ਕਿ ਕੁਝ ਗ੍ਰੰਥੀ ਐਸੇ ਵੀ ਹਨ ਜੋ ਇਹ ਅਖਦੇ ਹਨ ਕਿ ਉਹ ਆਪਣੇ ਵੇਹਲ ਦੇ ਸਮੇਂ ਪਾਠ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਉਨਾਂ ਨੇ ਪਾਠ ਕਰਕੇ ਆਪਣੇ 'ਸਟੋਰ' ਭਰੇ ਪਏ ਹਨ। ਤੁਸੀਂ ਪੈਸੇ ਦਿਓ ਇਕ ਪਾਠ ਦੀ ਅਰਦਾਸ ਆਪਣੇ ਨਾਮ ਦੀ ਕਰਵਾ ਲਓ। ਤੁਹਾਡਾ ਸਮਾਂ ਤੇ ਪਾਠ ਕਰਵਾਉਣ ਦੀ ਖੇਚਲ ਤੋਂ ਬਚ ਜਾਉਗੇ। ਇਸ ਤਰ੍ਹਾਂ ਇਹ ਗ੍ਰੰਥੀ ਸਰ੍ਹੋਂ ਉਸੀ ਵੇਲੇ ਹੀ ਹੱਥ ਤੇ ਜਮਾ ਕੇ ਰੱਖ ਦਿੰਦੇ ਹਨ।

ਅਸੀਂ ਆਮ ਤੌਰ ਤੇ ਸਹਿਜ ਪਾਠ ਜਾਂ ਅਖੰਡ ਪਾਠ ਤਾਂ ਰਖਵਾ ਲੈਂਦੇ ਹਾਂ ਪਰ ਸਾਨੂੰ ਸਾਡੇ ਰੁਝੇਵੇ ਪਾਠ ਸੁਨਣ ਲਈ ਸਮਾਂ ਹੀ ਨਹੀਂ ਦਿੰਦੇ। ਪਾਠ ਚਲਦਾ ਹੈ। ਸੁਨਣੇ ਵਾਲਾ ਕੋਈ ਨਹੀਂ। ਕਈ ਦਫਾ ਤਾਂ ਪ੍ਰਸ਼ਾਦ ਵਰਤਾਉਣ ਵਾਲਾ ਵੀ ਕੋਈ ਨਹੀਂ ਹੁੰਦਾ। ਪਾਠ ਦਾ ਭੋਗ ਪੈ ਜਾਂਦਾ ਹੈ। ਗ੍ਰੰਥੀ ਸਿੰਘ ਮਹਾਰਾਜ ਦੇ ਕਮਰ-ਕੱਸੇ ਦੀ ਹਾਲੇ ਤਿਆਰੀ ਹੀ ਕਰਦਾ ਹੈ। ਮਹਾਰਾਜ ਦੀ ਸਵਾਰੀ ਹਾਲੇ ਘਰ ਵਿਚ ਹੀ ਹੁੰਦੀ ਹੈ ਕਿ ਨਾਲ ਲਗਦੇ ਕਮਰੇ ਵਿਚ ਸ਼ਰਾਬ ਦਾ ਦੌਰ ਚਲ ਪੈਂਦਾ ਹੈ।

ਗੁਰਬਾਣੀ ਦੇ ਪਾਠ ਦੀ ਬਰਕਤ ਨਾਲ ਅਕਸਰ ਰੋਗੀਆਂ ਦੇ ਰੋਗ ਦੂਰ ਹੁੰਦੇ ਅਤੇ ਲੋੜੀਂਦੇ ਕਾਰਜ ਦੀ ਪੂਰਤੀ ਹੁੰਦੀ ਦੇਖਣੇ ਵਿਚ ਆਉਂਦੀ ਹੈ। ਗੁਰਬਾਣੀ ਦੇ ਇਸ ਗੁਣ ਨੂੰ ਲੈ ਕੇ ਕੁਝ ਸੰਤਾਂ ਮਹਾਤਮਾਵਾਂ ਨੇ ਗੁਰਬਾਣੀ ਦੇ ਵੱਖੋ ਵੱਖ ਸ਼ਬਦਾਂ ਦੇ ਸ੍ਹਿਲੇ ਕਰ ਕੇ ਗੁਰਬਾਣੀ ਨੂੰ ਜਾਦੂ ਟੂਣੇ ਦੇ ਰੂਪ ਵਿਚ ਵਰਤਣਾ ਸ਼ੁਰੂ ਕਰ ਦਿੱਤਾ ਹੈ ਜੋ ਕਿ ਗੁਰਮਤਿ ਤੋਂ ਵਿਰੁੱਧ ਕਾਰਵਾਈ ਹੈ। ਇਸ ਜਾਦੂ ਟੂਣੇ ਵਾਲੇ ਰਿਵਾਜ ਨੂੰ ਵੀ ਠੱਲ ਪਾਉਣ ਦੀ ਲੋੜ ਹੈ।

ਪੰਥ ਨੂੰ ਨਿੱਤ ਆਏ ਦਿਨ ਕੋਈ ਨਾ ਕੋਈ ਨਵੀਂ ਬੀਮਾਰੀ ਚਿੰਬੜਦੀ ਜਾ ਰਹੀ ਹੈ। ਜੇ ਪੰਥ ਦੇ ਆਗੂਆਂ ਅਤੇ ਆਮ ਸੰਗਤਾਂ ਨੇ ਇਨ੍ਹਾਂ ਬੇਨਿਯਮੀਆਂ, ਕੁਰੀਤੀਆਂ ਜਾਂ ਮਨਮੱਤਾਂ ਨੂੰ ਠਲ ਨਾ ਪਾਈ ਤਾਂ ਪੰਥ ਦੀ ਹਾਲਤ ਰਸਾਤਲ ਤਕ ਗਰਕ ਸਕਦੀ ਹੈ। ਪੰਥ ਦੇ ਵੈਰੀ ਤਾਂ ਪੰਥ ਨੂੰ ਤਬਾਹ ਕਰਨ ਤੇ ਤੁਲੇ ਹੀ ਹੋਏ ਹਨ। ਇਨ੍ਹਾਂ ਦਾ ਮੁਕਾਬਲਾ ਕਰਨਾ ਉਤਨਾ ਮੁਸ਼ਕਿਲ ਨਹੀਂ ਹੈ ਜਿਤਨਾ ਮੁਸ਼ਕਿਲ ਮੁਕਾਬਲਾ ਇਨ੍ਹਾਂ ਉਪਰ ਬਿਆਨ ਕੀਤੇ ਗਏ ਬੁੱਕਲ ਦੇ ਸੱਪਾਂ ਦਾ ਹੈ। "**ਖ਼ਾਲਸਾ ਪੰਥ ਹੋਸ਼ਿਆਰ ਬਾਸ਼**"। ਇਨ੍ਹਾਂ ਮਨਮੱਤਾਂ ਨੂੰ ਠੱਲ ਪਾਓਣ ਵਿਚ ਸਾਨੂੰ ਸਭ ਨੂੰ ਆਪਣਾ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

*****